

# ਅੰਮ੍ਰਿਤ ਕੀਰਤਨ

ਨਵੰਬਰ 2011




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਚਿੱਤ ਰਹਿੰਵਦਾ ਉਦਾਸ ਹੈ

ਮੁਸਾਫਰ ਹਾਂ ਅਨਜਾਣ , ਕੀਤਾ ਕਦੇ ਨਹੀਂ ਮਾਣ,
ਨਾ ਹੀ ਹੋਵੇ ਕੋਈ ਤਾਣ, ਪ੍ਰੇਮ ਸਦਾ ਸੰਗ ਬਾਸ ਹੈ।

ਜਿੱਥੇ ਰੱਖੇਂ ਤਿੱਥੇ ਰਹੀਏ, ਜਿੱਥੇ ਭੇਜੇਂ ਉਥੇ ਜਾਈਏ,
ਕਿੰਤੂ ਮੂਲ ਨਹੀਂ ਕਰੀਏ, ਭਾਣੇ ਵਿਚ ਰਹਿਣਾ ਰਾਸ ਹੈ।

ਗ੍ਰਹਸਤੀਆਂ ਦੇ ਵਾਂਗ, ਅਸਾਂ ਧਾਰਿਆ ਏ ਸਾਰਾ ਕੁਝ,
ਕਿਉਂ ਜੇ ਕੁਲ ਦੀ ਏ ਮੰਗ, ਚਿੱਤ ਰਹਿੰਵਦਾ ਉਦਾਸ ਹੈ।

ਬਖ਼ਸ਼ ਦੇਉ ਨਾਮ, ਪੂਰਣ ਹੋਤ ਸਭੀ ਕਾਮ,
ਬਿਨੈ ਕਰੀਏ ਸੁਬਾਹ ਸ਼ਾਮ, ਸੱਚੇ ਸਾਈਂ ਜੀ ਦੇ ਪਾਸ ਹੈ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ
ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**
ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ
- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 09814 53630
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

**Please forward your e-mail id at drjagirsingh@gmail.com**

# ਇਸ ਅੰਕ ਵਿਚ

ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ - ਇਹੁ ਤੇਲੁ ਦੀਵਾ ਇਉ ਜਲੈ 5

ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ 6
ਡਾ. ਜਸਵੰਤ ਸਿੰਘ ਨੇਕੀ

ਬਾਬਾ ਸ਼ਾਮ ਸਿੰਘ ਜੀ 8
ਅਮਰਜੀਤ ਕੌਰ

ਗੁਰੂ ਘਰ ਦਾ ਅਨਿੰਨ ਕੀਰਤਨੀਆ-ਰਬਾਬੀ ਭਾਈ ਚਾਂਦ
ਕਰਤਾਰ ਸਿੰਘ ਨੀਲਧਾਰੀ 12

ਸ੍ਰੀ ਗੁਰੂ ਨਾਨਕ ਦੇਵ ਜੀ
ਗੁਰਪਿੰਦਰ ਸਿੰਘ 16

ਉੱਤਰ ਭਾਰਤ ਵਿਚ ਫਯੂਜ਼ਨ ਸੰਗੀਤ
ਪ੍ਰੋ: ਹੇਮੰਤ ਕਪਿਲ

ਸੁਰ ਲਿਪੀ - ਰਾਗ ਆਸਾ 24

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

# ਮਿਤ੍ਰ ਅਸਾਡੜੇ ਸੇਈ

ਇਸ ਨੂੰ ਦੇਵਨੇਤ ਸਮਝਿਆ ਜਾਏ ਜਾਂ ਫਿਰ ਕੋਈ ਰੱਬੀ ਬਖ਼ਸ਼ਿਸ਼ ਕਿ ਆਪ ਵੱਲੋਂ ਭੇਜੀ ਹੋਈ ਈ-ਮੇਲ ਜੋ ਗੁਰਮਤਿ ਸੰਗੀਤ ਸਮਾਗਮ ਬਾਰੇ ਹੈ, ਮੈਨੂੰ ਮਿਲੀ। ਵੈਸੇ ਮੈਂ ਵਾਇਰਸ ਦੇ ਡਰ ਕਰਕੇ ਅਣਜਾਣੀਆਂ ਮੇਲਾਂ ਨਹੀਂ ਖੋਲ੍ਹਿਆ ਕਰਦੀ। ਪਰ ਫਿਰ ਭੀ ਆਪ ਜੀ ਦੀ ਮੇਲ ਖੋਲ੍ਹਣ ਦਾ ਹੀਆ ਕਰ ਹੀ ਲਿਆ। ਪੜ੍ਹਦਿਆਂ ਪੜ੍ਹਦਿਆਂ ਮੈਂ ਆਪ ਦੇ ਅੰਮ੍ਰਿਤ ਕੀਰਤਨ ਦੇ ਪੰਨਿਆਂ ਤਕ ਅਪੜ ਗਈ। ਮੈਨੂੰ ਲੱਗਾ ਇਹ ਲੇਖਣੀਆਂ ਜਗਿਆਸੂ ਅੰਦਰ ਸ਼ਰਧਾ ਭਾਵਨਾ ਪੈਦਾ ਕਰਨ ਵਾਲੀਆਂ ਹਨ। ਹੋਰ ਵੀ ਚੰਗਾ ਲੱਗਾ ਜਦੋਂ ਇਕ ਮੁਸਲਮਾਨ ਸੰਗੀਤਕਾਰ ਦੀ ਜੀਵਨੀ ਪੜ੍ਹਨ ਨੂੰ ਮਿਲੀ। ਅੱਜ ਸਿੱਖ ਕੌਮ ਦੀ ਤ੍ਰਾਸਦੀ ਹੈ ਕਿ ਇਸ ਨੇ ਆਪਣੇ ਆਪ ਨੂੰ ਇਕ ਸੀਮਾ ਅੰਦਰ ਕੈਦ ਕਰ ਲਿਆ ਹੈ ਅਤੇ ਇਹ ਦੇਣ ਤਰਕਵਾਦੀ ਟੋਲੇ ਮਿਸ਼ਨਰੀਆਂ ਦੀ ਹੈ। ਚੰਗਾ ਹੋਵੇ ਜੇਕਰ ਆਪ ਇਸ ਮੈਗਜ਼ੀਨ ਰਾਹੀਂ ਸ਼ਾਸਤਰੀ ਸੰਗੀਤ ਦੇ ਆਧਾਰ 'ਤੇ ਮੁੜ ਉਹ ਸਾਂਝ ਪੈਦਾ ਕਰ ਸਕੋ ਜੋ ਕੁਝ ਸਦੀਆਂ ਪਹਿਲਾਂ ਸੀ। ਲੋਕਾਂ ਅੰਦਰੋਂ ਧਾਰਮਿਕ ਜਨੂੰਨ ਖਤਮ ਹੋ ਸਕੇ। ਸੰਗੀਤ ਅੰਦਰ ਉਹ ਤਾਕਤ ਹੈ ਜੋ ਮਨੁੱਖ ਦੀ ਤਾਂ ਗੱਲ ਹੀ ਵੱਖਰੀ ਹਰ ਪਸ਼ੂ, ਪੰਛੀ, ਬਨਸਪਤੀ ਇਥੋਂ ਤਕ ਕਿ ਪੱਥਰਾਂ ਨੂੰ ਵੀ ਕੀਲ ਲੈਂਦਾ ਹੈ। ਅੰਦਰਲੀਆਂ ਹੱਦ ਬੰਦੀਆਂ ਤੋੜ ਕੇ ਫਰਸ਼ਾਂ ਤੋਂ ਚੁੱਕ ਕੇ ਅਰਸ਼ਾਂ ਨਾਲ ਸਾਂਝ ਪੈਦਾ ਕਰ ਦਿੰਦਾ ਹੈ ਜਿਸਦੀ ਗੱਲ ਸੰਤ ਕਵੀ ਭਾਈ ਵੀਰ ਸਿੰਘ ਜੀ ਕਰਦੇ ਹਨ : "ਬੈਠ ਵੇ ਗਿਆਨੀ ਬੁੱਧੀ ਮੰਡਲੇ ਦੀ ਕੈਦ ਵਿਚ, ਵਲਵਲੇ ਦੇ ਦੇਸ਼ ਅਸੀਂ ਲਾਉਣੀਆਂ ਉਡਾਰੀਆਂ" ਇਹਨਾਂ ਸੰਗੀਤਕਾਰਾਂ ਵਿਚੋਂ ਹੀ ਹੋਏ ਹਨ ਬਾਬਾ ਸ਼ਾਮ ਸਿੰਘ ਜੀ, ਜਿਹਨਾਂ ਨੇ ਸਿਰਫ ਸਿਰੰਦੇ ਨਾਲ 90 ਸਾਲ ਦਰਬਾਰ ਸਾਹਿਬ ਵਿਚ ਜੁੜ ਕੇ ਕੀਰਤਨ ਕੀਤਾ। ਮੈਂ ਛੇਤੀ ਹੀ ਸੰਤ ਬਾਬਾ ਸ਼ਾਮ ਸਿੰਘ ਬਾਰੇ ਇਕ ਲੇਖ ਭੇਜਾਂਗੀ।

ਅਮਰਜੀਤ ਕੌਰ, ਈ-ਮੇਲ : amarjitkaur1@hotmail.com

At the outset I must congratulate you and express my gratitude to you and to your entire team for rendering a very useful service in preparing a C.D of BHAI SUMUND SINGH JI, who was really a dedicated Kirtania of Sikhsim. I happened to attend his Kirtans in my early childhood but could not appreciate well at that age. I shall feel highly obliged in case you send me a copy of the C.D.

Jagjit Singh, e-mail : singhharjagjeet.yahoo.co.in

You r doing a great job.I am regular reader of amrit kirtan. Guru Saheb Aap ji te apaar bakhsish karn. Aap ise tarah Kiratn di seva karde raho. thanks and warm regards

Advocate Paramjit Singh Makkar, E-mail : paramjit.makkar@yahoo.co.in

You are doing a yeoman's job in spreading our revered Gurujis' teachings through AMRIT KIRTAN. Our sincere thanks to you for carrying out the task so sincerely and so successfully. May God bless you.

I shall be grateful if you could send the Gurbani CD of Late Bhai Samund Singh Jee. I was awed by his style and persona but I was too young then to really understand and follow the depths of his recitals.In my school, I had a friend Mr Parmjot Singh (Ludhiana), a classical singer. He was son of Bhai Inder Singh Jee and a student (shishya) of Bhai Samund Singh Jee. He joined Pb & Sind Bank after college. I shall be grateful if you could give me his contact no./address as I used to play Tabla with him during our school days.

I am in Bhopal and keep visiting Patiala (permanent residence) off and on. I would love to pay my personal regards to you and would be privileged to interact with a noble soul like you; as and when I am in Chandigarh.

Colonel Satnam Singh E-mail: colsatnam_61@yahoo.co.in

# ਕਰਉ ਬੇਨੰਤੀਆ

## ਇਹੁ ਤੇਲੁ ਦੀਵਾ ਇਉ ਜਲੈ

ਰਾਜਪ੍ਰੀਤ ਸਾਡਾ ਕੰਪਿਊਟਰ ਓਪਰੇਟਰ ਹੈ ਜਿਸ ਨੂੰ ਅਸੀਂ ਪਿਆਰ ਨਾਲ ਰਾਜੂ ਆਖਦੇ ਹਾਂ। ਉਸ ਦਾ ਫੋਨ ਆਇਆ, "ਐਸ ਵਾਰ ਮੈਟਰ ਜ਼ਰਾ ਜਲਦੀ ਪੜ੍ਹ ਲੈਣਾ। ਅੱਜ 19 ਤਾਰੀਕ ਹੋ ਗਈ ਹੈ।ਦੀਵਾਲੀ ਦੀਆਂ ਛੁੱਟੀਆਂ ਆ ਰਹੀਆਂ ਹਨ।ਮੈਗਜ਼ੀਨ ਲੇਟ ਨਾ ਹੋ ਜਾਵੇ।"

ਮੈਨੂੰ ਧਿਆਨ ਆਇਆ ਕਿ ਅਜੇ ਤਕ ਤਾਂ ਕਰਉ ਬੇਨੰਤੀਆ ਭਾਵ ਸੰਪਾਦਕੀ ਹੀ ਨਹੀਂ ਲਿਖੀ। ਮਨ ਦੀਵਾਲੀ ਵੱਲ ਚਲਾ ਗਿਆ। ਇਹ ਦੀਵਾਲੀ ਮੱਸਿਆ ਨੂੰ ਹੀ ਕਿਉਂ ਮਨਾਈ ਜਾਂਦੀ ਹੈ। ਰਾਮ ਜੀ, ਬਨਵਾਸ ਕੱਟ ਕੇ ਆਏ ਤਾਂ ਸ਼ਹਿਰ ਵਿਚ ਰੌਸ਼ਨੀ ਕੀਤੀ ਜਾਂਦੀ ਹੈ। ਸਿੱਖ ਇਸ ਨੂੰ ਬੰਦੀ ਛੋੜ ਦਿਵਸ ਦੇ ਰੂਪ ਵਿਚ ਮਨਾਉਂਦੇ ਹਨ। ਨਾਨਕਸ਼ਾਹੀ ਕਲੰਡਰ ਵਿਚ ਇਸ ਤਿਉਹਾਰ ਦੀਆਂ ਮਿਤੀਆਂ ਬਦਲਣ ਦੀ ਗੱਲ ਵੀ ਚੱਲੀ ਸੀ ਪਰ ਇਸ ਨੂੰ ਮੱਸਿਆ ਵਾਲੇ ਦਿਨ ਮਨਾਉਣਾ ਹੀ ਉਚਿਤ ਸਮਝਿਆ ਗਿਆ। ਦੀਵੇ ਦਾ ਸੰਬੰਧ ਤਾਂ ਹਨੇਰੇ ਨਾਲ ਹੀ ਹੈ। ਹਨੇਰੇ ਬਿਨ ਦੀਵੇ ਦੀ ਕੋਈ ਲੋੜ ਨਹੀਂ।ਜਦੋਂ ਸੂਰਜ ਹੋਵੇ ਉਦੋਂ ਸੂਰਜ ਨੂੰ ਦੀਵਾ ਦਿਖਾਉਣ ਵਾਲਿਆਂ ਨੂੰ ਤਾਂ ਸਿਆਣੇ ਨਹੀਂ ਆਖਿਆ ਜਾਂਦਾ। ਜਦੋਂ ਸੂਰਜ ਜਾਣ ਲੱਗਾ ਸੀ ਤਾਂ ਉਸ ਨੇ ਪੁਕਾਰਿਆ ਕਿ ਕੋਈ ਹੈ ਜਿਹੜਾ ਮੇਰੇ ਪਿੱਛੋਂ ਚਾਨਣ ਕਰ ਸਕੇ ਤਾਂ ਦੀਵੇ ਨੇ ਕਿਹਾ ਸੀ ਮੈਂ ਕੋਸ਼ਿਸ਼ ਕਰਾਂਗਾ।

ਦੀਵੇ ਦੀ ਇਸ ਨਿੱਕੀ ਜਿਹੀ ਕੋਸ਼ਿਸ਼ ਨਾਲ ਸੰਸਾਰ ਦੇ ਮਨੁੱਖਾਂ ਨੂੰ ਮਹਾਨ ਸਫਲਤਾ ਮਿਲੀ। ਉਹ ਦੀਵਾ ਹੱਥ ਵਿਚ ਲੈ ਕੇ ਮੀਲਾਂ ਦੇ ਮੀਲ ਪੈਂਡਾ ਤੈਅ ਕਰ ਲੈਂਦੇ ਹਨ। ਕਿਉਂਕਿ ਦੀਵਾ ਦੋ ਤਿੰਨ ਕਦਮ ਅੱਗੇ ਚਲਦਾ ਹੈ ਤੇ ਦੀਵੇ ਦੀ ਰੌਸ਼ਨੀ ਹੋਰ ਅੱਗੇ ਚਲੀ ਜਾਂਦੀ ਹੈ।ਅੰਗਰੇਜ਼ੀ ਵਾਲਿਆਂ ਨੇ ਵੀ *Lamp* ਭਾਵ ਦੀਵੇ ਬਾਰੇ ਕਾਫੀ ਕੁਝ ਕਿਹਾ ਹੈ।ਜਿਵੇਂ: *"True guidance is like a small lamp in tunnel. It may not show everything once but gives enough light required for the next step to be safe."*

'ਦੀਵਾ' ਸ਼ਬਦ ਗੁਰੂ ਨਾਨਕ ਦੇਵ ਜੀ ਨੇ ਬੜੇ ਕਮਾਲ ਦੇ ਅਰਥਾਂ ਵਿਚ ਪ੍ਰਯੋਗ ਕੀਤਾ ਹੈ:

**ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥**

**ਪੋਥੀ ਪੁਰਾਣ ਕਮਾਈਐ ॥**

**ਭਉ ਵਟੀ ਇਤੁ ਤਨਿ ਪਾਈਐ ॥**

**ਸਚੁ ਬੂਝਣੁ ਆਨਿ ਜਲਾਈਐ ॥੨॥**

**ਇਹੁ ਤੇਲੁ ਦੀਵਾ ਇਉ ਜਲੈ ॥**

**ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥**

ਦੀਵੇ ਜਗਾਉਣ ਦਾ ਮਨੋਰਥ ਕੇਵਲ ਖੁਸ਼ੀ ਮਨਾਉਣਾ ਹੀ ਨਹੀਂ ਹੈ। ਇਸ ਦੀ ਲੋਅ ਵਿਚ ਚਲ ਕੇ ਸਾਹਿਬ ਨੂੰ ਮਿਲਣ ਭਾਵ ਜ਼ਿੰਦਗੀ ਵਿਚ ਸਫਲਤਾ ਪ੍ਰਾਪਤ ਕਰਨ ਨਾਲ ਹੀ ਦੀਵਾ ਜਗਾਉਣਾ ਸਾਰਥਕ ਹੁੰਦਾ ਹੈ।

ਜਦੋਂ ਦੀਵੇ ਦੀ ਰੌਸ਼ਨੀ ਵਿਚ ਵੇਖਣ ਵਿਖਾਉਣ ਜੋਗਾ ਕੁਝ ਸਾਰਥਕ ਨਾ ਰਿਹਾ ਹੋਵੇ ਤਾਂ ਕਵੀ ਦੀਵਾਲੀ ਵਾਲੇ ਦਿਨ ਵੀ ਪੁਕਾਰ ਉੱਠਦਾ ਹਨ

ਕਾਹਨੂੰ ਬਾਲਦੈ ਬਨੇਰੇ ਉੱਤੇ ਮੋਮਬੱਤੀਆਂ

ਲੰਘ ਜਾਣ ਦੇ ਕੁਪਤੀਆਂ ਹਵਾਵਾਂ ਤੱਤੀਆਂ।

ਪਰ ਦੀਵੇ ਦਾ ਕੰਮ ਤਾਂ ਰੌਸ਼ਨੀ ਦੇਣਾ ਹੈ। ਰੌਸ਼ਨੀ ਵਿਚ ਵੇਖਣ ਲਈ ਵਧੀਆ ਮਾਹੌਲ ਬਣਾਉਣਾ ਤਾਂ ਤੁਹਾਡੇ-ਮੇਰੇ ਹੱਥ ਹੈ। ਅੰਗਰੇਜ਼ੀ ਵਾਲੇ ਮੋਮਬੱਤੀ ਬਾਰੇ ਵੀ ਕਾਫੀ ਕੁਝ ਕਹਿੰਦੇ ਹਨ ਜਿਵੇਂ : *"The height of candles may differ, but they yield the same brightness. Its not the matter of your position but its your ability that actually shines."*.

*"A Candle loses nothing by lighting another Candle"*

ਉਹੋ-ਰਾਜੂ ਨੇ ਗੱਲ ਕਿੱਥੇ ਦੀ ਕਿੱਥੇ ਪੁਚਾ ਦਿੱਤੀ। ਲਿਖਣੀ ਤਾਂ ਸੰਪਾਦਕੀ ਸੀ। ਕੋਈ ਗੱਲ ਨਹੀਂ, ਇਸ ਵਾਰ ਇਸੇ ਨਾਲ ਸਾਰ ਲਓ।.....ਖਿਮਾ

# ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ

## ਡਾ. ਜਸਵੰਤ ਸਿੰਘ ਨੇਕੀ

## ਗੁਰਬਾਣੀ ਦੇ ਅਰਥਾਂ ਦਾ ਮਸਲਾ

ਇਕ ਵਾਰ ਅਸਾਂ ਮੈਡੀਕਲ ਕਾਲਜ ਦੇ ਗੁਰਦੁਆਰੇ ਵਿਚ ਗੁਰਪੁਰਬ ਮਨਾਉਣਾ ਸੀ। ਸਲਾਹ ਬਣਾਈ ਕਿ ਪ੍ਰੋ. ਸਾਹਿਬ ਸਿੰਘ ਹੋਰਾਂ ਨੂੰ ਕਥਾ ਕਰਨ ਲਈ ਬੇਨਤੀ ਕਰੀਏ। ਮੇਰੀ ਡਿਊਟੀ ਲਗਾਈ ਗਈ। ਸੋ ਮੈਂ ਉਨ੍ਹਾਂ ਦੇ ਜਾ ਹਾਜ਼ਰ ਹੋਇਆ ਤੇ ਬੇਨਤੀ ਕੀਤੀ। ਉਹ ਕਹਿਣ ਲੱਗੇ, "ਮੈਂ ਹੁਣ ਕਥਾ ਆਦਿ ਵਾਸਤੇ ਨਹੀਂ ਜਾਂਦਾ। ਮੈਂ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰ ਰਿਹਾ ਹਾਂ ਤੇ ਇਹ ਕੰਮ ਨੇਪਰੇ ਚਾੜ੍ਹਨਾ ਚਾਹੁੰਦਾ ਹਾਂ। ਸਮਾਂ ਮੇਰੇ ਪਾਸ ਪਤਾ ਨਹੀ਼ ਕਿਤਨਾ ਕੁ ਬਾਕੀ ਹੈ, ਸੋ ਹੋਰ ਸਭ ਕੰਮ ਛੋੜ ਕੇ ਬਸ ਇਸੇ ਵਲ ਧਿਆਨ ਦੇ ਰਿਹਾ ਹਾਂ।" ਮੈਂ ਕਿਹਾ, "ਤੁਸਾਂ ਵਿਆਕਰਣ ਤਾਂ ਲਿਖ ਦਿੱਤੀ ਹੈ, ਕੀ ਉਸ ਦੇ ਅਨੁਸਾਰ ਹੀ ਟੀਕਾ ਵੀ ਲਿਖ ਰਹੇ ਹੋ?" ਕਹਿਣ ਲੱਗੇ, "ਹਾਂ, ਜੇ ਵਿਆਕਰਣ ਅਨੁਸਾਰ ਨਹੀਂ ਕਰਨਾ ਤਾਂ ਟੀਕੇ ਤਾਂ ਪਹਿਲਾਂ ਵੀ ਮੌਜੂਦ ਹਨ। ਜੋ ਟੀਕਾ ਮੈਂ ਕਰ ਰਿਹਾ ਹਾਂ, ਉਹ ਵਿਆਕਰਣ ਅਨੁਸਾਰ ਹੀ ਹੋਵੇਗਾ। ਵਿਆਕਰਣ ਨੂੰ ਅੱਖੋਂ ਉਹਲੇ ਕਰ ਦੇਈਏ ਤਾਂ ਕਈ ਵਾਰੀ ਅਰਥ ਹੋਰ ਦੇ ਹੋਰ ਹੋ ਜਾਂਦੇ ਹਨ।"

ਮੈਨੂੰ ਉਨ੍ਹਾਂ ਦੀ ਗੱਲ ਬੜੀ ਭਾਈ। ਮੈਂ ਕਥਾ ਵਾਸਤੇ ਉਨ੍ਹਾਂ ਨੂੰ ਹੋਰ ਜ਼ੋਰ ਨਹੀ਼ ਦਿੱਤਾ, ਤੇ ਉਨ੍ਹਾਂ ਪਾਸੋਂ ਵਿਦਾਈ ਲੈ ਲਈ।

ਫਿਰ ਸਲਾਹ ਬਣਾਈਕ ਪ੍ਰਿੰਸੀਪਲ ਜੋਧ ਸਿੰਘ ਹੋਰਾਂ ਨੂੰ ਬੇਨਤੀ ਕਰੀਏ। ਸੋ ਉਨ੍ਹਾਂ ਦੇ ਜਾ ਹਾਜ਼ਰ ਹੋਇਆ। ਉਨ੍ਹਾਂ ਨੂੰ ਦੱਸਿਆ ਕਿਸ ਮਕਸਦ ਲਈ ਹਾਜ਼ਰ ਹੋਏ ਹਾਂ। ਉਹ ਕਹਿਣ ਲੱਗੇ, "ਮੈਂ ਉਸ ਦਿਨ ਕਿਤੇ ਹੋਰ ਕਥਾ ਕਰਨੀ ਮੰਨ ਲਈ ਹੈ। ਸੋ ਇਕ ਵੇਲੇ ਦੋ ਥਾਵਾਂ 'ਤੇ ਹੋ ਸਕਣਾ ਸੰਭਵ ਨਹੀਂ। ਤੁਸੀਂ ਪ੍ਰੋ. ਸਾਹਿਬ ਸਿੰਘ ਹੋਰਾਂ ਨੂੰ ਪੁੱਛ ਵੇਖੋ।" ਫਿਰ ਅਸਾਂ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਪਾਸ ਹੋ ਆਏ ਹਾਂ ਤੇ ਜੋ ਕੁਝ ਉਨ੍ਹਾਂ ਸਾਨੂੰ ਕਿਹਾ ਸੀ, ਉਹ ਵੀ ਦੱਸ ਦਿੱਤਾ। ਗੱਲਾਂ ਗੱਲਾਂ ਵਿਚ ਮੈਂ ਕਿਹਾ, "ਪ੍ਰੋ. ਸਾਹਿਬ ਵਿਆਕਰਣ ਅਨੁਸਾਰ ਅਰਥ ਕਰ ਰਹੇ ਹਨ। ਉਨ੍ਹਾਂ ਦਾ ਖਿਆਲ ਹੈ ਸੰਪ੍ਰਦਾਈ ਅਰਥ ਕਈ ਵਾਰ ਬਿਨਾ ਵਿਆਕਰਣ ਵਿਚਾਰਿਆਂ ਕੀਤੇ ਗਏ ਹਨ, ਸੋ ਪੂਰੇ ਸਹੀ ਨਹੀਂ।"

ਪ੍ਰਿੰਸੀਪਲ ਸਾਹਿਬ ਹਲਕਾ ਜਿਹਾ ਮੁਸਕਰਾ ਪਏ। ਮੈਂ ਪੁਛਿਆ, "ਆਪ ਦਾ ਇਸ ਬਾਰੇ ਕੀ ਵਿਚਾਰ ਹੈ?" ਕਹਿਣ ਲੱਗੇ, "ਬੇਟਾ, ਇਕ ਗੱਲ ਦੱਸ, ਪਹਿਲਾਂ ਭਾਸ਼ਾ ਆਈ ਸੀ ਕਿ ਵਿਆਕਰਣ?" ਮੈਂ ਕਿਹਾ, "ਜੀ ਭਾਸ਼ਾ। ਵਿਆਕਰਣ ਤਾਂ ਮਗਰੋਂ ਬਣਦੇ ਹਨ।" ਕਹਿਣ ਲੱਗੇ, "ਤੁਸਾਂ ਵੀ ਅੰਗ੍ਰੇਜ਼ੀ, ਪੰਜਾਬੀ ਵਿਆਕਰਣ ਪੜ੍ਹੇ ਹੋਣੇ ਹਨ। ਕੀ ਉਹ ਭਾਸ਼ਾ ਉਪਰ ਹਰ ਥਾਂ ਇਕਸਾਰ ਢੁਕਦੇ ਹਨ ਕਿ ਉਨ੍ਹਾਂ ਦੀ ਉਲੰਘਣਾ ਵੀ ਹੁੰਦੀ ਹੈ?" ਮੈਂ ਕਿਹਾ, "ਜੀ ਉਲੰਘਣਾ ਵੀ ਹੁੰਦੀ ਹੈ।" "ਤਾਂ ਫਿਰ, ਉਹ ਕਹਿਣ ਲੱਗੇ, "ਵਿਆਕਰਣ, ਅਰਥ ਸਮਝਣ ਵਿਚ ਸਹਾਇਤਾ ਤਾਂ ਕਰ ਸਕਦਾ ਹੈ ਇਸ ਨੂੰ ਬੰਧਨ ਨਹੀਂ ਮੰਨਿਆ ਜਾ ਸਕਦਾ। ਗੁਰਬਾਣੀ ਵਿਚ ਵੀ ਕਈ ਥਾਈਂ 'ਵਿਆਕਰਣ' ਦੀ ਉਲੰਘਣਾ ਹੋਈ ਹੋਣੀ ਹੈ। ਉਨ੍ਹਾਂ ਇਕ ਮਿਸਾਲ ਦਿੱਤੀ- 'ਮੰਨੇ ਸੁਰਤਿ ਹੋਵੈ ਮਨਿ ਬੁਧਿ' ਦੀ। ਤੇ ਕਿਹਾ ਸੁਰਤਿ ਨਾਲ ਤੇ ਬੁਧਿ ਨਾਲ ਤਾਂ ਸਿਹਾਰੀ ਲੱਗਦੀ ਹੈ ਮਨ ਨਾਲ ਕਿਉਂ ਲਾਈ ਗਈ ਹੈ। ਹੋ ਸਕਦਾ ਹੈ ਇਹ ਉਲੰਘਣਾ ਹੋਵੇ। ਪਰ ਵਿਆਕਰਣ ਵਾਲੇ 'ਮਨਿ' ਨੂੰ 'ਮਨੀਸ਼ਾ' ਕਹਿ ਕੇ ਉਸ ਨੂੰ ਵਿਆਕਰਣ ਵਿਚ ਠੋਸਣ ਦਾ ਜਤਨ ਕਰਦੇ ਹਨ।"

ਮੈਨੂੰ ਉਨ੍ਹਾਂ ਦੀ ਗੱਲ ਵਿਚ ਵੀ ਵਜ਼ਨ ਲਗਿਆ। ਉਨ੍ਹਾਂ ਪਾਸੋਂ ਇਜਾਜ਼ਤ ਲਈ ਤੇ ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਨੂੰ ਬੇਨਤੀ ਕਰਨ ਚਲਾ ਗਿਆ। ਪਹਿਲਾਂ ਤਾਂ ਉਨ੍ਹਾਂ ਦੀ ਬਾਬਾਣੀ ਫਬਤ ਤੇ ਹੱਸੂ-ਹੱਸੂ ਕਰਦੇ ਚਿਹਰੇ ਨੇ ਮੈਨੂੰ ਮੋਹਿਆ। ਫਿਰ ਉਨ੍ਹਾਂ

ਸਾਡੀ ਬੇਨਤੀ ਵੀ ਤੁਰੰਤ ਪਰਵਾਨ ਕਰ ਲਈ। ਮੇਰਾ ਜੀ ਕੀਤਾ ਉਨ੍ਹਾਂ ਨਾਲ ਵੀ ਪ੍ਰੋ. ਸਾਹਿਬ ਸਿੰਘ ਤੇ ਪ੍ਰਿੰਸੀਪਲ ਜੋਧ ਸਿੰਘ ਹੋਰਾਂ ਨਾਲ ਹੋਈ ਵਾਰਤਾਲਾਪ ਦਾ ਜਿਕਰ ਕਰਾਂ। ਸੋ ਇਹ ਖੁਸ਼ੀ ਵੀ ਮੈਂ ਲੈ ਲਈ। ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਇਹ ਦੋਵੇਂ ਵਿਦਵਾਨ ਮੈਥੋਂ ਸਿਆਣੇ ਹਨ। ਦੋਵਾਂ ਦੀ ਗੱਲ ਦਰੁਸਤ ਹੈ। ਪਰ ਇਕ ਹੋਰ ਪੱਖ ਵੀ ਹੈ ਜਿਸ ਵਲ ਤੁਹਾਡਾ ਧਿਆਨ ਦਿਵਾਉਣਾ ਚਾਹਾਂਗਾ। ਗੁਰਬਾਣੀ ਕਾਵਿ ਵਿਚ ਰਚੀ ਗਈ, ਵਾਰਤਕ ਵਿਚ ਨਹੀਂ। ਵਾਰਤਕ ਵਿਚ ਤਾਂ ਵਿਆਕਰਣ ਅਨੁਸਾਰ ਅਰਥ ਨਿਕਲ ਸਕਦੇ ਹਨ। ਕਾਵਿ ਦੇ ਅਰਥ ਕੇਵਲ ਸ਼ਬਦਾਵਲੀ ਅਨੁਸਾਰ ਨਹੀ਼ ਬਿੰਬਾਵਲੀ ਅਨੁਸਾਰ ਵੀ ਹੁੰਦੇ ਹਨ। ਇਸ ਲਈ ਉਤਮ ਕਾਵਿ ਵਿਚ ਅਰਥਾਂ ਦੀਆਂ ਕਈ ਪੱਧਰਾਂ ਹੋ ਸਕਦੀਆਂ ਹਨ। ਵਿਆਕਰਣ ਉਲੰਘਿਆ ਵੀ ਜਾਵੇ, ਤਾਂ ਕੋਈ ਗੱਲ ਨਹੀਂ (ਕਾਵਿ ਉਪਰ ਵਿਆਕਰਣ ਲਾਜ਼ਮੀ ਬੰਧਨ ਨਹੀਂ ਹੋ ਸਕਦਾ), ਅਰਥ ਗੁਰਬਾਣੀ ਦੇ ਸਮੁੱਚੇ ਪ੍ਰਕਰਣ ਅਨੁਸਾਰ ਹੋਣੇ ਚਾਹੀਦੇ ਹਨ। ਉਹ ਵੀ ਅਨੁਭਵ ਦੇ ਆਧਾਰ 'ਤੇ ਹੀ ਪੂਰੇ ਸਹੀ ਹੋ ਸਕਦੇ ਹਨ।

ਮੈਂ ਪੁੱਛ ਬੈਠਾ, "ਬਾਣੀ ਦੇ ਅਰਥ, ਤੁਸਾਂ ਕਿਹਾ, ਅਨੁਭਵ ਅਨਸਾਰ ਹੋ ਸਕਦੇ ਹਨ। ਇਸ ਦੀ ਕੋਈ ਮਿਸਾਲ ਦੇ ਕੇ ਸਮਝਾਉ ਤਾਂ ਜੁ ਮੇਰੇ ਪੱਲੇ ਪੈ ਸਕੇ।" ਕਹਿਣ ਲੱਗੇ, "ਸਰੇ ਦਸਤ ਇਹ ਮਿਸਾਲ ਯਾਦ ਆਈ ਹੈ, ਸੁਣੋ:

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥

ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥ (ਅੰਗ ੩੧੯)

ਇਸ ਸਲੋਕ ਵਿਚ ਪਹਿਲੀ ਤੁਕ ਦੇ ਜੇ ਅੱਖਰੀ ਅਰਥ ਕਰੀਏ ਤਾਂ ਕਹੋਗੇ ਕਿ ਇਹ ਸਵੇਰ ਵੇਲੇ ਦਾ ਨਜ਼ਾਰਾ ਹੈ। ਪਰ ਇਸ ਦਾ ਦੂਜੀ ਤੁਕ ਨਾਲ ਕੀ ਸੰਬੰਧ ਹੈ? ਦੂਜੀ ਤੁਕ ਤਾਂ ਕਹਿੰਦੀ ਹੈ ਕਿ ਨਾਮ ਦੇ ਰੰਗ ਵਿਚ ਰਤੇ ਸੰਤਾਂ ਨੇ ਇਹ ਅਸਚਰਜ ਰੂਪ ਦਿੱਤੇ। ਇਹ ਕਿਵੇਂ? ਗੱਲ ਅਸਲ ਵਿਚ ਇਹ ਹੈ ਕਿ ਜਦੋਂ ਸੰਤ ਨਾਮ ਵਿਚ ਧਿਆਨ ਲਾਉਂਦੇ ਹਨ ਤਾਂ ਪਹਿਲੋਂ ਪਹਿਲ ਆਪਣੇ ਅੰਦਰ ਚਿੜੀਆਂ ਦੇ ਚੁਹਕਣ ਵਰਗੀ ਆਵਾਜ਼ ਸੁਣਦੇ ਹਨ; ਅਗਲੀ ਅਵਸਥਾ ਵਿਚ ਅੰਦਰ ਚਾਨਣਾ ਹੋ ਜਾਂਦਾ ਹੈ, ਪਹੁ ਫੁਟਾਲੇ ਵਰਗਾ। ਇਸ ਤੋਂ ਅਗਲੀ ਅਵਸਥਾ ਵਿਚ ਅੰਦਰ ਅਨੇਕਾਂ ਪ੍ਰਕਿਰਿਆਵਾਂ ਹੜ੍ਹ ਵਾਂਗ ਆਉਂਦੀਆਂ ਹਨ। ਇਉਂ ਇਹ ਸਲੋਕ ਨਾਮ ਵਿਚ ਰਤੇ ਸੰਤਾਂ ਦੇ ਧਿਆਨ ਦੀਆਂ ਅਵਸਥਾਵਾਂ ਦਰਸਾਉਂਦਾ ਹੈ।"

ਮੈਂ ਆਪਣੇ ਦਿਲ ਵਿਚ ਤਿੰਨਾਂ ਵਿਦਵਾਨਾਂ ਦਾ ਸਤਿਕਾਰ ਅੰਦਰ ਵਸਾ ਕੇ ਉੱਥੋਂ ਪਰਤਿਆ।

ਇਕ ਦਿਨ ਮੌਕਾ ਮਿਲਿਆ ਭਾ. ਸਾਹਿਬ ਭਾਈ ਵੀਰ ਸਿੰਘ ਹੋਰਾਂ ਨੂੰ ਮਿਲਣ ਦਾ। ਮੈਂ ਪੁੱਛਿਆ, ਭਾਈ ਸਾਹਿਬ ਤੁਸੀਂ ਸੰਪਰਦਾਈ ਅਰਥ ਗੁਰਬਾਣੀ ਦੇ ਕਰਦੇ ਹੋ, ਜੋ ਪੀੜ੍ਹੀ ਤੋਂ ਪੀੜ੍ਹੀ ਤੁਰੇ ਆਉਂਦੇ ਹਨ। ਕੋਈ ਗੱਲ ਜੋ ਤਿੰਨ ਚਾਰ ਬੰਦਿਆਂ ਨੇ ਵਾਰੀ ਵਾਰੀ ਇਕ ਦੂਜੇ ਤੋਂ ਸੁਣੀ ਹੋਵੇ ਉਹ ਕੁਝ ਦੀ ਕੁਝ ਹੋ ਜਾਂਦੀ ਏ। ਇਹ ਅਰਥ ਜੋ ਇਤਨੀਆਂ ਪੀੜ੍ਹੀਆਂ ਤੋਂ ਚਲੇ ਆਏ ਹਨ, ਇਹ ਨਹੀਂ ਬਦਲ ਗਏ ਹੋਣਗੇ?" ਕ**ਹਿ**ਣ ਲੱਗੇ, "ਤੁਹਾਡੀ ਗੱਲ ਵਿਚ ਵਜ਼ਨ ਹੈ। ਪਰ ਸੰਪ੍ਰਦਾਈ ਅਰਥ ਜਦੋਂ ਇਕ ਮੁਖ ਤੋਂ ਅਗਲੇ ਕੰਨ ਤੱਕ ਪਹੁੰਚਦੇ ਹਲ ਤਾਂ ਉਹ ਬੜੀ ਵਾਰ ਵਾਪਸ ਸੁਣੇ ਜਾਂਦੇ ਹਨ ਤਾਂ ਜੁ ਗਲਤੀ ਦੀ ਸੰਭਾਵਨਾ ਨਾ ਰਹੇ। ਨਾਲੇ ਸੰਪ੍ਰਦਾ. ਸੰਥਿਆ ਦੇਣ ਵਾਲੇ ਅਨੁਭਵੀ ਬੰਦੇ ਹੁੰਦੇ ਹਨ। ਅਨੁਭਵ ਸਿੱਧ ਅਰਥਾਂ ਵਿਚ ਗਲਤੀ ਦੀ ਸੰਭਾਵਨਾ ਹੋਵੇ ਤਾਂ ਨਾਂਹ ਦੇ ਬਰਾਬਰ ਹੁੰਦੀ ਹੈ।" (1950)

**ਧੰਨਵਾਦ ਸਹਿਤ-ਖਾਲਸਾ ਸਮਾਚਾਰ ਵਿਚੋਂ**


**Now you can read Amrit Kirtan & Download Kirtan of Dr. Jagir Singh from www.amritkirtan.com**

**Send this information to your friends**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060 ਫੋਨ : 25862955

# ਬਾਬਾ ਸ਼ਾਮ ਸਿੰਘ ਜੀ

## ਅਮਰਜੀਤ ਕੌਰ

ਕੀਰਤਨ ਇੱਕ ਕੋਮਲ ਕਲਾ ਹੈ,ਜੋ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹਰ ਕਿਸੇ ਨੂੰ ਸੁਤੇ ਸਿੱਧ ਹੀ ਪ੍ਰਭਾਵਿਤ ਕਰਦੀ ਹੈ।ਪਰ ਇਹ ਵੀ ਇੱਕ ਅਟੱਲ ਸਚਾਈ ਹੈ ਕਿ ਵੇਲੇ ਦਾ ਰਾਗ ਤੇ ਕੁਵੇਲੇ ਦੀਆਂ ਟੱਕਰਾਂ।ਇਹੋ ਹੀ ਕਾਰਣ ਹੈ ਕਿ ਸੰਗੀਤ ਦੀ ਭਰਮਾਰ ਹੋਣ ਦੇ ਬਾਵਜੂਦ ਵੀ ਅੱਜ ਮਨੁੱਖਤਾ ਬੇਚੈਨ ਹੈ।ਰਾਗੀ ਸੰਗੀਤ ਨੂੰ ਸਮੇਂ ਦੀ ਸੀਮਾ ਵਿੱਚ ਰਹਿ ਕੇ ਨਹੀਂ ਗਾ ਰਹੇ ਫਿਰ ਕੁਝ ਕੁ ਸੁਰਾਂ ਦੇ ਇਸਤੇਮਾਲ ਨੂੰ ਰਾਗ ਨਹੀਂ ਮੰਨਿਆਂ ਜਾਂ ਸਕਦਾ।ਬੇਸ਼ੱਕ ਸਰੋਤੇ ਨੂੰ ਰਾਗ ਦੀ ਕੋਈ ਸਮਝ ਨਾ ਪਵੇ,ਪਰ ਪੂਰੀ ਬੰਦਸ਼ ਵਿੱਚ ਗਾਇਆ ਹੋਇਆ ਸਮੇਂ ਦਾ ਰਾਗ ਮਨੁੱਖ ਨੂੰ ਤਾਂ ਕੀ ਪਸ਼ੂ ਪੰਛੀਆਂ ਅਤੇ ਬਨਸਪਤੀ ਨੂੰ ਵੀ ਕੀਲਣ ਦੀ ਸ਼ਕਤੀ ਰੱਖਦਾ ਹੈ।ਸ੍ਰੀ ਗੁਰੂ ਪਾਤਸ਼ਾਹਾਂ ਨੇ ਆਪਣੀ ਰਾਗ ਕਲਾ ਨਾਲ ਹੀ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹ ਪਾਇਆ ਸੀ।ਉਹਨਾਂ ਤੋਂ ਬਾਦ ਇਹ ਕਲਾ ਖਤਮ ਨਹੀਂ ਹੋਈ,ਗੁਰਸਿੱਖਾਂ ਵਿੱਚ ਵੀ ਮੌਜੂਦ ਰਹੀ ਪਰ ਪਿਛਲੇ ਕੁਝ ਸਮੇਂ ਤੋਂ ਅਣਗੌਲੀ ਜਰੂਰ ਜਾ ਰਹੀ ਹੈ।ਪਰ ਇਸ ਦੇ ਕਦਰਦਾਨੀ ਹਾਲੀ ਵੀ ਮੌਜੂਦ ਹਨ ਜੋ ਇਸ ਨੂੰ ਜਿੰਦਾ ਰੱਖਣ ਵਿੱਚ ਪੂਰੀ ਤਨਦੇਹੀ ਨਾਲ ਸਮਰਪਿਤ ਹਨ।

ਪਰਮ ਸਤਿਕਾਰਯੋਗ ਭਾਈ ਵੀਰ ਸਿੰਘ ਜੀ ਨੇ ਸੰਤ ਗਾਥਾ ਦੀ ਭੂਮਿਕਾ ਵਿੱਚ ਲਿਖਿਆ ਹੈ---

"ਜਿਵੇਂ ਰਾਜਸੀ ਪਹਿਲੂ ਦਾ ਸਿੱਖ ਇਤਿਹਾਸ---ਪੰਥਕ ਘਾਲਾਂ,ਕੁਰਬਾਨੀਆਂ ਤੇ ਮੱਲਾਂ ਮਾਰੀਆਂ ਦਾ ਰੁਲ ਰਿਹਾ ਹੈ,ਤਿਵੇਂ ਸਿੱਖ ਸਾਧੂਆਂ, ਅਭਿਆਸੀਆਂ ਅਤੇ ਗੁਰਮੁਖਾਂ ਦਾ ਵੀ ਨਹੀਂ ਲੱਭਦਾ।ਐਸੇ ਮਹਾਂਪੁਰਖ, ਜਿਹਨਾਂ ਦੀਆਂ ਕੁਰਬਾਨੀਆਂ, ਜਗਿਆਸੂਆਂ, ਅਭਿਆਸੀਆਂ ਤੇ ਸਿੱਖ ਬ੍ਰਿਧ,ਬਾਲ,ਜੁਆਨ,ਇਸਤਰੀ,ਪੁਰਖ ਸਭ ਲਈ ਚਾਨਣ ਮੁਨਾਰੇ ਤੋਂ ਵੱਧ ਪ੍ਰਕਾਸ਼ ਪਾ ਸਕਦੀਆਂ ਹਨ ,ਸਾਡੀ ਭੁੱਲ ਤੇ ਅਵੇਸਲੇਪਨ ਦੇ ਕਾਲੇ ਗੁਬਾਰ ਵਿੱਚ ਗੁੰਮ ਹੁੰਦੀਆਂ ਗਈਆਂ ਤੇ ਜਾ ਰਹੀਆਂ ਹਨ"।

ਭਾਈ ਸਹਿਬ ਜੀ ਤੋਂ ਪ੍ਰੇਰਨਾ ਲੈਂਦੇ ਹੋਏ ਮਨ ਵਿੱਚ ਇਹ ਚਾਅ ਪੈਦਾ ਹੋਇਆ ਕਿ ਬਾਬਾ ਸ਼ਾਮ ਸਿੰਘ ਜੀ ਦੀ ਜੀਵਨ ਗਾਥਾ ਨੂੰ ਸੰਗਤਾਂ ਨਾਲ ਸਾਂਝਾਂ ਕੀਤਾ ਜਾਵੇ।ਅਲੌਕਿਕ ਕੀਰਤਨ ਕਲਾ ਦੇ ਮਾਲਕ ਬਾਬਾ ਸ਼ਾਮ ਸਿੰਘ ਜੀ ਜੋ ਸੇਵਾ-ਪੰਥੀ ਅੱਡਣ ਸ਼ਾਹੀ ਸੰਪ੍ਰਦਾ (ਬਾਨੀ ਭਾਈ ਕਨ੍ਹਈਆ ਜੀ )ਦੇ ਮਹਾਂਪੁਰਖ ਸਨ ਨੇ ਪੂਰੇ ੭੦ ਸਾਲ ਦਰਬਾਰ ਸਾਹਿਬ ਦੀ ਹਜ਼ੂਰੀ ਵਿੱਚ ਕੀਰਤਨ ਦੀ ਅਜਿਹੀ ਸੇਵਾ ਕੀਤੀ ਕਿ ਰਾਗ ਸਾਖਿਆਤ ਪ੍ਰਗਟ ਹੋ ਜਾਂਦੇ ਸਨ।ਭਾਵੇਂ ਇਹ ਗੱਲ ਤਰਕਵਾਦੀਆਂ ਦੀ ਸਮਝ ਵਿੱਚ ਨਾ ਆਵੇ ਪਰ ਇਹ ਗੱਲ ਸ਼ਤ ਪ੍ਰਤੀਸ਼ਤ ਸੱਚ ਸੀ।ਜੇਕਰ ਤਾਨਸੇਨ ਦੇ ਦੀਪਕੀ ਰਾਗ ਗਾਉਣ ਨਾਲ ਦੀਪਕ ਜਗਣ ਲਗ ਸਕਦੇ ਸਨ ਤਾਂ ਫਿਰ ਬਾਬਾ ਜੀ ਜੋ ਸੇਵਾ ਸਿਮਰਨ ਦੇ ਰੰਗ ਵਿੱਚ ਗੂੜੇ ਰੰਗੇ ਹੋਏ ਸਨ ਵਾਸਤੇ ਅਜਿਹਾ ਕਰਨਾ ਕੋਈ ਕਰਾਮਾਤ ਵਾਲੀ ਗੱਲ ਨਹੀਂ ਸੀ।ਬਾਬਾ ਈਸ਼ਰ ਦਾਸ ਸਿੰਧ ਨਿਵਾਸੀ ਦੀ ਜ਼ਬਾਨੀ ਹੈ ਕਿ "ਇੱਕ ਦਿਨ ਬਾਬਾ ਸ਼ਾਮ ਸਿੰਘ ਜੀ ਜਦੋਂ ਤਿੰਨ ਪਹਿਰੇ ਸਮੇਂ ਦਰਬਾਰ ਸਾਹਿਬ ਵਿਖੇ ਕੀਰਤਨ ਕਰ ਰਹੇ ਸਨ ਤਾਂ ਦਾਸ ਵੀ ਸਾਥ ਹੀ ਬੈਠਾ ਸੀ ਚਮਤਕਾਰ ਅਜਿਹਾ ਹੋਇਆ ਬਾਬਾ ਜੀ ਜਿਹੜਾ ਰਾਗ ਅਲਾਪ ਰਹੇ ਸਨ,ਪ੍ਰਤੱਖ ਸਾਹਮਣੇ ਦਾਸ ਨੂੰ ਉਹ ਰਾਗ ਦਰਸ਼ਨ ਦੇ ਰਿਹਾ ਸੀ।ਸੰਤ ਬਾਬਾ ਜੀ ਨੂੰ ਤਾਂ ਦਰਸ਼ਨ ਹੋਣੇ ਹੀ ਹੋਏ ਹੋਰ ਪਤਾ ਨਹੀਂ ਕਿਸ ਕਿਸ ਹੋਰ ਜੀਵਾਂ ਦੇ ਭਾਗਾਂ ਵਿੱਚ ਇਹ ਦਰਸ਼ਨ ਪ੍ਰਾਪਤ ਹੋਏ ਹੋਸਨ"

ਆਓ ਦੇਖੀਏ ਬਾਬਾ ਜੀ ਦੇ ਜੀਵਨ ਵਿੱਚ ਉਹ ਕੀ ਖਾਸੀਅਤ ਸੀ ਜਿਹੜੀ ਰਾਗ ਰਾਗਣੀਆਂ ਨੂੰ ਪ੍ਰਤੱਖ ਪਰਗਟ ਕਰ ਦਿੰਦੀ ਸੀ।

॥ਸਾਧ ਕੀ ਮਹਿਮਾ ਬੇਦ ਨ ਜਾਨਹਿ॥ਜੇਤਾ ਸੁਨਹਿ ਤੇਤਾ ਬਖਿਆਨਹਿ॥

ਸ਼੍ਰੀਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਗੁਰੂ ਕੀ ਨਗਰੀ ਸ਼੍ਰੀ ਅੰਮ੍ਰਿਤਸਰ ਵਿੱਚ ਤਕਰੀਬਨ ੯੦ ਵਰਸ ਨਿਵਾਸ ਰੱਖਕੇ ਸੇਵਾ ਸਿਮਰਨ ਤੇ ਕੀਰਤਨ-ਰਸ ਸਨਿਗਧ ਜੀਵਨ ਗੁਜ਼ਾਰ ਕੇ ੧੧ ਵੈਸਾਖ ਸੰਮਤ ੧੯੮੩ ਬਿਕ੍ਰਮੀ(੨੦ ਅਪਰੈਲ ੧੯੨੬ ਈ:) ਲਗਭਗ ੧੨੩ ਵਰਸ ਦੀ ਦੀਰਘ ਆਯੂ ਭੋਗ ਕੇ ਸਰੀਰ ਤਿਅਗ ਗਏ ਸਨ।ਆਪ ਗੁਰੂ ਘਰ ਦੇ ਅਨਿੰਨ ਸੇਵਕ,ਨਾਮ ਬਾਣੀ ਦੇ ਰਸੀਏ,ਕਰਨੀ ਕਹਿਣੀ ਦੇ ਸੂਰੇ,ਰਸਾਲ ਕੀਰਤਨੀਏ ਤੇ ਪਰਮ ਸਤਿਕਾਰਤ ਸੇਵਾ ਪੰਥੀ ਸੰਤ ਵਿਆਕਤੀ ਸਨ।ਆਪ ਨੇ ਅਣਗਿਣਤ ਭੁੱਲੀਆਂ ਭਟਕੀਆਂ ਰੂਹਾਂ ਨੂੰ ਨਾਮ ਉਪਦੇਸ਼ ਦੇਕੇ ਗੁਰਬਾਣੀ ਦੇ ਪਿਆਰ ਵਿੱਚ ਜਗਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਸ਼ਰਨ ਵਿੱਚ ਲਿਆਂਦਾ ਤੇ ਗੁਰੂ ਘਰ ਦੀ,ਸਰਬਤ ਦੀ, ਜੀਵ-ਮਾਤਰ ਦੀ ਸੇਵਾ ਦਾ ਚਾਓ ਉਪਜਾਕੇ ਉਹਨਾਂ ਨੂੰ ਸੁਖੀ ਕੀਤਾ ਤੇ ਜੀਅ ਦਾਨ ਦਿੱਤਾ।ਉਹਨਾਂ ਦੇ ਜੀਵਨ ਦੇ ਕੁਝ ਵੇਰਵੇ ਅਗਲੇ ਪੰਨਿਆਂ ਵਿੱਚ ਪਾਠਕਾਂ ਦੀ ਭੇਟਾ ਹਨ।

ਬਾਬਾ ਸ਼ਾਮ ਸਿੰਘ ਜੀ ਦਾ ਜਨਮ

ਸੰਤ ਬਾਬਾ ਸ਼ਾਮ ਸਿੰਘ ਜੀ ਦਾ ਜਨਮ ਸ਼ਾਹਪੁਰ (ਪਾਕਿਸਤਾਨ)ਸ਼ਹਿਰ ਵਿਖੇ ਅਨੁਮਾਨ ਹੈ ਕਿ ੧੮੬੦ ਬਿਕਰਮੀ (੧੮੦੩ ਈ:)ਦੇ ਨੇੜੇ ਤੇੜੇ ਹੋਇਆ।ਆਪ ਜੀ ਦੇ ਪਿਤਾ ਜੀ ਦਾ ਨਾਮ ਭਾਈ ਦਰਬਾਰੀ ਜੀ ਸੀ ਤੇ ਮਾਤਾ ਜੀ ਦਾ ਨਾਮ ਕ੍ਰਿਸ਼ਨ ਦੇਈ ਜੀ ਸੀ।ਆਪ ਦੇ ਪਿਤਾ ਆਰਥਿਕ ਪੱਖੋਂ ਭਲੇ ਹੀ ਗਰੀਬ ਸਨ ਪਰ ਆਤਮਿਕ ਧਨ ਉਹਨਾਂ ਨੇ ਸ਼ਾਹਪੁਰ ਦੇ ਸ਼੍ਰੀ ਮਾਨ ਸੰਤ ਭਾਈ ਵਸਤੀ ਰਾਮ ਜੀ ਅੱਡਣ ਸ਼ਾਹੀ ਦੇ ਸਤਿਸੰਗ ਵਿਚੋਂ ਚੋਖਾ ਹਾਸਲ ਕਰ ਲਿਆ ਸੀ।ਕੁਦਰਤ ਦੀ ਨੇਤ ਅਜਿਹੀ ਹੋਈ ਕਿ ਆਪ ਦੇ ਗ੍ਰਹਿ ਜਨਮੇ ਇਸ ਬਾਲਕ ਨੇ ਅਜੇ ਮਸਾਂ ਤੁਰਨਾਂ ਫਿਰਨਾਂ ਹੀ ਸਿਖਿਆ ਸੀ ਕਿ ਸ਼੍ਰੀ ਦਰਬਾਰੀ ਜੀ ਦਾ ਦੇਹਾਂਤ ਹੋ ਗਿਆ।ਹੁਣ ਬਾਲਕ ਦੀ ਪ੍ਰਿਤਪਾਲਨਾਂ ਦੀ ਜਿੰਮੇਵਾਰੀ ਮਾਂ ਦੇ ਸਿਰ ਆ ਪਈ।ਘਰ ਕੋਈ ਨਕਦੀ,ਜ਼ਮੀਨ ,ਜਾਇਦਾਦ ਵੀ ਨਹੀਂ ਸੀ।ਮਿਹਨਤ ਮਜ਼ਦੂਰੀ ਕਰਕੇ ਮਾਂ ਆਪਣੀ ਅਤੇ ਆਪਣੇ ਪੁੱਤਰ ਦੀ ਪਾਲਨਾ ਕਰਨ ਲੱਗੀ।ਇਸ ਤਰ੍ਹਾਂ ਮਸਾਂ ਬਾਲਕ ਪੰਜ ਕੁ ਸਾਲ ਦਾ ਹੀ ਹੋਇਆ ਸੀ ਕਿ ੧੮੬੫ ਬਿਕਰਮੀ ਵਿੱਚ ਦੇਸ਼ ਵਿੱਚ ਮਹਾਂ ਕਾਲ ਪੈ ਗਿਆ।ਗਰੀਬਾਂ ਵਾਸਤੇ ਤੰਗੀ ਹੋਰ ਵੀ ਵੱਧ ਗਈ।

ਉਹਨਾਂ ਦਿਨਾਂ ਵਿੱਚ ਕਿਤੇ ਭਾਈ ਰਾਮ ਸਿੰਘ ਜੀ ਮੁਖੀ ਸੇਵਾ ਪੰਥੀ ਸੰਪ੍ਰਦਾ ਅੱਡਣ ਸ਼ਾਹੀ ਸ਼ਾਹਪੁਰ ਪਿੰਡ ਵਿੱਚ ਆਏ ਹੋਏ ਸਨ।ਆਪ ਜਿਸ ਨਗਰ ਜਾਂਦੇ,ਸ਼ਬਦ ਕੀਰਤਨ ਕਥਾ ਦਾ ਪ੍ਰਵਾਹ ਚਲਾ ਦਿੰਦੇ।ਸੇਵਾ,ਭਜਨ;ਬੰਦਗੀ ਤੇ ਗੁਰੂ ਕਾ ਲੰਗਰ ਵੀ ਅਤੁਟ ਵਰਤਦਾ।ਬਾਬਾ ਸ਼ਾਮ ਸਿੰਘ ਜੀ ਦੇ ਮਾਤਾ ਜੀ ਵੀ ਸੰਤਾਂ ਦੇ ਦਰਸ਼ਨਾਂ ਨੂੰ ਆਏ।ਇਥੋਂ ਦਾ ਮਹੌਲ ਦੇਖ ਕੇ ਅਤੇ ਆਪਣੀ ਗਰੀਬੀ ਤੋਂ ਲਾਚਾਰ ਹੋਕੇ ਆਪਣੇ ਪੰਜ ਕੁ ਸਾਲ ਦੇ ਜਿਗਰ ਦੇ ਟੋਟੇ ਨੂੰ ਸੰਤ ਰਾਮ ਸਿੰਘ ਜੀ ਦੇ ਚਰਨਾਂ ਤੇ ਲਿਟਾ ਦਿੱਤਾ ਤੇ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ

" ਮੈਂ ਇਸ ਬਾਲਕ ਦੀ ਪਾਲਣਾ ਕਰਨ ਤੋਂ ਅਸਮਰੱਥ ਹਾਂ,ਇਸ ਲਈ ਆਪ ਇਸ ਨੂੰ ਆਪਣੀ ਚਰਨੀਂ ਲਾ ਲਓ ਜੀ" ।

ਬਾਲਕ ਭਾਵੇਂ ਬੜਾ ਛੋਟਾ ਸੀ ਪਰ ਮਾਤਾ ਦੇ ਜੋਰ ਦੇਣ ਤੇ ਸੰਤਾਂ ਨੇ ਆਪਣੀ ਮੰਡਲੀ ਵਿੱਚ ਸੰਭਾਲ ਲਿਆ ਤੇ ਮਾਤਾ ਆਪਣੇ ਘਰ ਚਲੀ ਗਈ।ਮਾਂ ਦਾ ਪੁੱਤਰ ਮੋਹ ਅਕਥਨੀਯ ਹੁੰਦਾ ਹੈ।ਗਰੀਬੀ ਕਰਕੇ ਭੁੱਖ ਹੱਥੋਂ ਆਤੁਰ ਹੋਕੇ ਦੇਣ ਨੂੰ ਤਾਂ ਉਹ ਬਾਲਕ ਸੰਤਾਂ ਨੂੰ ਦੇ ਗਈ ਤੇ ਸੰਤ ਜੀ ਨੇ ਵੀ ਲੈ ਲਿਆ,ਪਰ ਮਾਤਾ ਦੀਆਂ ਆਦਰਾਂ ਨੂੰ ਜਿਸ ਵੇਲੇ ਖੋਹ ਪਵੇ,ਸੰਤਾਂ ਦੇ ਡੇਰੇ ਆ ਜਾਏ ਤੇ ਬਾਲਕ ਨੂੰ ਖਾਂਦਿਆਂ ਪੀਂਦਿਆਂ ਦੇਖ ਕੇ ਆਦਰਾਂ ਠੰਡੀਆਂ ਕਰਕੇ ਮੁੜ ਜਾਏ।ਇਸ ਤਰ੍ਹਾਂ ਨਾਲ ਜਿੰਨਾ ਚਿਰ ਸੰਤ ਜੀ ਸ਼ਾਹ ਪੁਰ ਰਹੇ,ਮਾਤਾ ਜੀ ਅੱਵਲ ਤਾਂ ਹਰ ਰੋਜ਼ ,ਨਹੀਂ ਤਾਂ ਦੂਜੇ ਤੀਜੇ ਦਿਨ ਆਕੇ ਬਾਲਕ ਨੂੰ ਮਿਲ ਜਾਂਦੀ।

ਉਹ ਸਮਾਂ ਹੀ ਅਜਿਹਾ ਸੀ ਕਿ ਭੁੱਖ ਤੋਂ ਤੰਗ ਹੋਕੇ ਮਾਵਾਂ ਆਪਣੇ ਜਿਗਰ ਦੇ ਟੋਟਿਆਂ ਨੂੰ ਇਸ ਤਰ੍ਹਾਂ ਇੱਕਲਿਆਂ ਛੱਡਣ ਲਈ ਮਜ਼ਬੂਰ ਹੁੰਦੀਆਂ ਸਨ।ਅਜਿਹੀ ਹੀ ਘਟਨਾ ਨਾਭਾ ਜੀ ਨਾਲ ਵੀ ਹੋਈ ਸੀ।ਨਾਭਾ ਜੀ ਦੀ ਉਮਰ ਸਿਰਫ ਪੰਜ ਕੁ ਸਾਲ ਦੀ ਸੀ ਜਦੋਂ

ਉਹਨਾਂ ਦੀ ਮਾਤਾ ਜੀ ਕਾਲ ਤੋਂ ਦੁਖੀ ਹੋਕੇ ਉਹਨਾਂ ਨੂੰ ਬਾਹਰ ਜੰਗਲ ਵਿੱਚ ਛੱਡ ਆਈ।ਇਸ ਸਮੇਂ ਰੱਬ ਦੀ ਨੇਤ ਅਜਿਹੀ ਹੋਈ ਕਿ ਦੋ ਸੰਤ ਸ੍ਰੀ ਕੀਲ਼ ਜੀ ਅਤੇ ਸ੍ਰੀ ਅਗਰਦਾਸ ਜੀ ਓਥੇ ਆ ਨਿਕਲੇ।ਪੰਜਾਂ ਵਰਸਾਂ ਦੇ ਨੇਤਰਹੀਣ ਬਾਲਕ ਨੂੰ ਸੁੰਨਸਾਨ ਬੀਆਬਾਨ ਵਿੱਚ ਇੱਕਲਿਆਂ ਬੈਠਿਆਂ ਦੇਖ ਕੇ ਸੰਤਾਂ ਦੇ ਹਿਰਦੇ ਵਿੱਚ ਦਇਆ ਆਈ ਤੇ ਬਾਲਕ ਨੂੰ ਪੁੱਛਿਆ,

" ਹੇ ਬੱਚੇ ਤੂੰ ਇੱਥੇ ਕਿਉਂ ਬੈਠਾ ਹੋਇਆ ਹੈਂ?"

ਬੱਚੇ ਨੇ ਕਿਹਾ,"ਮੇਰੀ ਮਾਂ ਗੋਹੇ ਚੁਗਣ ਵਾਸਤੇ ਗਈ ਹੈ"।

ਸੰਤ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਜਾਣ ਲਿਆ ਕਿ ਕਾਲ ਤੋਂ ਉਤਪਨ ਹੋਈ ਗਰੀਬੀ ਕਰਕੇ ਮਾਤਾ ਆਪਣੇ ਲਾਲ ਨੂੰ ਇਸ ਭਿਆਨਕ ਜੰਗਲ ਵਿੱਚ ਛੱਡ ਗਈ ਹੈ।ਸੰਤਾਂ ਪਾਸ ਜਲ ਦਾ ਕਰਮੰਡਲ ਸੀ,ਉਹਨਾਂ ਨੇ ਰਾਮ ਰਾਮ ਕਹਿ ਕੇ ਬਾਲਕ ਦੀਆਂ ਅੱਖਾਂ ਤੇ ਜਲ ਦੇ ਛੱਟੇ ਮਾਰੇ,ਉਸ ਦੇ ਨੇਤਰ ਖੁਲ੍ਹ ਗਏ।ਸੰਤ ਸੇਵਾ ਦਾ ਅਤੇ ਨਾਮ ਜਪਣ ਦਾ ਉਪਦੇਸ਼ ਪ੍ਰਾਪਤ ਕਰਕੇ ਨਾਭਾ ਜੀ ਆਪਣੇ ਜੀਵਨ ਵਿੱਚ ਉਚ-ਪਦਵੀ ਦੇ ਸੰਤ ਹੋਏ ਜਿਹਨਾਂ ਨੇ ਭਗਤਮਾਲਾ ਨਾਮ ਦਾ ਗ੍ਰੰਥ ਰਚਿਆ।

ਸੰਤ ਭਾਈ ਰਾਮ ਸਿੰਘ ਜੀ ਦੀ ਸ਼ਾਹਪੁਰ ਤੋਂ ਰਵਾਨਗੀ

ਕੁਝ ਦਿਨਾਂ ਦੇ ਪੜਾਅ ਦੇ ਬਾਦ ਸੰਤ ਰਾਮ ਸਿੰਘ ਜੀ ਸ਼ਾਹ ਪੁਰ ਤੋਂ ਤੁਰਨ ਲਈ ਤਿਆਰ ਹੋਏ।ਹੁਣ ਬਾਲਕ ਸ਼ਾਮ ਸਿੰਘ ਜੀ ਆਪਣੇ ਮਨ ਅੰਦਰ ਡਰਨ ਲੱਗੇ ਮਤਾਂ ਮਾਤਾ ਜੀ ਆਕੇ ਮੈਨੂੰ ਸੰਤਾਂ ਤੋਂ ਵਾਪਸ ਨਾਂ ਮੰਗ ਲੈਣ।ਇਸੇ ਕਰਕੇ ਸੰਤਾਂ ਦੇ ਕੱਪੜਿਆਂ ਦੀ ਗੰਢ ਲੈਕੇ ਪਹਿਲਾਂ ਹੀ ਗੁਰਦਵਾਰੇ ਵਿੱਚੋਂ ਬਾਹਰ ਨਿਕਲ ਆਏ ਤਾਂ ਕਿ ਮਾਤਾ ਦੀ ਨਜ਼ਰ ਤੋਂ ਬਚਿਆ ਜਾ ਸਕੇ।ਸੰਤਾਂ ਦੇ ਤੁਰਨ ਦੀ ਗੱਲ ਤੋਂ ਨਗਰਵਾਸੀ ਸਾਰੇ ਹੀ ਦਿਲਗੀਰ ਸਨ।ਉਧਰ ਜਦੋਂ ਮਾਤਾ ਨੂੰ ਪਤਾ ਲੱਗਾ ਤਾ ਉਹ ਵੀ ਭੱਜੀ ਭੱਜੀ ਆਈ।ਇੱਧਰ ਉਧੱਰ ਬਾਲਕ ਦੀ ਭਾਲ ਕਰਨ ਉਪਰੰਤ ਜਦੋਂ ਬਾਲਕ ਨਜ਼ਰੀ ਨਾਂ ਪਿਆ ਤਾਂ ਘਬਰਾ ਕੇ ਕਿਸੇ ਸੇਵਾਦਾਰ ਨੂੰ ਪੁੱਛਿਆ।ਉਸ ਸੇਵਾਦਾਰ ਨੇ ਦੱਸਿਆ ਕਿ ਬਸਤਰਾਂ ਦੀ ਬਸਤਨੀ ਲੈਕੇ ਬਾਲਕ ਬਾਹਰ ਚਲਾ ਗਿਆ ਹੈ।ਭੱਜ ਕੇ ਬਾਹਰ ਜਾ ਕੇ ਮਾਤਾ ਜੀ ਨੇ ਬੱਚੇ ਨੂੰ ਲੱਭ ਲਿਆ।ਮਾਂ ਦੀ ਮਮਤਾ ਨੇ ਮਜ਼ਬੂਰ ਕੀਤਾ ਕਿ ਬੱਚੇ ਨੂੰ ਮਨਾ ਕੇ ਵਾਪਸ ਘਰ ਲੈ ਜਾਏ।ਬੱਚੇ ਨੂੰ ਕੁੱਛੜ ਚੁੱਕ ਕੇ ਲਾਡ ਪਿਆਰ ਕੀਤਾ,ਮੂੰਹ ਚੁੰਮਿਆਂ।ਅੱਖਾਂ ਵਿੱਚ ਜਲ ਭਰ ਕੇ ਕਹਿਣ ਲੱਗੇ ਕਿ ਬੱਚਾ, ਸੰਤ ਜੀ ਚਲੇ ਹਨ,ਤੂੰ ਅਜੇ ਬਹੁਤ ਛੋਟਾ ਏਂ। ਪਰਦੇਸ਼ਾਂ ਦਾ ਮਾਮਲਾ ਹੈ,ਬਾਹਰ ਗੁਜ਼ਾਰਾ ਹੋਣਾ ਬਹੁਤ ਔਖਾ ਹੈ,ਘਰ ਵਿੱਚ ਭਾਵੇਂ ਗਰੀਬੀ ਹੈ ਪਰ ਔਖੇ ਸੌਖੇ ਗੁਜ਼ਾਰਾ ਹੋ ਜਾਏਗਾ।ਵੱਡਾ ਹੋਕੇ ਸੰਤਾਂ ਨਾਲ ਚਲਿਆ ਜਾਂਈ,ਹੁਣ ਨਾ ਜਾਹ।ਬਾਬਾ ਜੀ ਨੇ ਪ੍ਰੇਮ ਭਰੇ ਬਚਨਾਂ ਨਾਲ ਮਾਤਾ ਜੀ ਦੇ ਮੋਹ ਵੇਗ ਨੂੰ ਸ਼ਾਂਤ ਕਰ ਦਿੱਤਾ ਤੇ ਸੰਤ ਮੰਡਲੀ ਨਾਲ ਚਲੇ ਗਏ।

ਬਾਲ ਅਵਸਥਾ ਦਾ ਪ੍ਰਸੰਗ-ਸਾਧ ਸੰਗਤ ਦੀ ਮਹੱਤਤਾ

ਮਾਤਾ ਜੀ ਨੂੰ ਢਾਰਸ ਦੇ ਕੇ ਬਾਲਕ ਸ਼ਾਮ ਸਿੰਘ ਜੀ ਸੰਤ ਮੰਡਲੀ ਨਾਲ ਤੁਰ ਪਏ,ਜਿੱਥੇ ਸੰਤ ਜਾਂਦੇ ਆਪ ਹਮੇਸ਼ਾਂ ਨਾਲ ਹੀ ਰਹਿੰਦੇ।ਸਤਿਸੰਗ ਦੇ ਅਸਰ ਕਰਕੇ ਆਪ ਨੇ ਛੋਟੀ ਜਿਹੀ ਉਮਰ ਵਿੱਚ ਹੀ ਕਾਫੀ ਗੁਰਬਾਣੀ ਕੰਠ ਕਰ ਲਈ।ਆਪ ਨੇ ਪੰਡਿਤ ਆਤਮਾਂ ਸਿੰਘ ਜੀ ਕੋਲੋਂ ਵਿਦਿਆ ਪ੍ਰਾਪਤ ਕੀਤੀ।ਬੁੱਧੀ ਤੇਜ ਹੋਣ ਕਾਰਣ ਆਪ ਨੇ ਬਹੁਤ ਹੀ ਜਲਦੀ ਪੰਜ ਗ੍ਰੰਥੀ,ਦਸ ਗ੍ਰੰਥੀ,ਬਾਈ ਬਾਰਾਂ ਤੇ ਭਗਤਾਂ ਦੀ ਬਾਣੀ ਸਰਲ ਕਰ ਲਈ। ਬਾਕੀਆਂ ਦੇ ਨਾਲ ਹੀ ਅੰਮ੍ਰਿਤ ਵੇਲੇ ਉਠ ਕੇ ਸੌਚ ਇਸ਼ਨਾਨ ਕਰਕੇ ਨਿੱਤਨੇਮ ਕਰਨ ਲੱਗ ਜਾਂਦੇ।ਦਿਨ ਵੇਲੇ ਜਥਾ ਸ਼ਕਤ ਸੇਵਾ ਕਰੀ ਜਾਂਦੇ ਨਾਲ ਹੀ ਗੁਰਬਾਣੀ ਸਿਮਰਨ ਚਲਦਾ ਰਹਿੰਦਾ।ਸੰਤ ਰਾਮ ਸਿੰਘ ਦੀ ਸੇਵਾ ਵਿੱਚ ਆਪ ਹਮੇਸ਼ਾਂ ਹੀ ਤੱਤਪਰ ਰਹਿੰਦੇ, ਸੰਤਾਂ ਦੇ ਚਰਨਾਂ ਨਾਲ ਆਪ ਦੀ ਬੜੀ ਗੂੜ੍ਹੀ ਪ੍ਰੀਤ ਹੋ ਗਈ।ਇਹ ਸਭ ਕੁਝ ਦੇਖ ਕੇ ਬੜੀ ਹੈਰਾਨੀ ਹੁੰਦੀ ਕਿ ਅਜਿਹੀ ਅਣਥੱਕ ਸੇਵਾ ਦਾ ਚਾਅ ਐਨੀ ਛੋਟੀ ਉਮਰੇ ਪੈਦਾ ਹੋਣਾ ਕੋਈ ਪੂਰਬਲੇ ਕਰਮਾਂ ਦੀ ਖੇਡ ਹੀ ਹੋ ਸਕਦੀ ਹੈ ਨਹੀਂ ਤਾਂ ਇਸ ਉਮਰੇ ਬਾਲਕਾਂ ਨੂੰ ਖਾਣ

ਪੀਣ ਤੇ ਖੇਡ ਕੁੱਦ ਤੋਂ ਹੀ ਫੁਰਸਤ ਨਹੀਂ ਹੁੰਦੀ।

ਸ਼੍ਰੀ ਭਗਤ ਪ੍ਰੇਮ ਪ੍ਰਕਾਸ਼ ਗਰੰਥ ਵਿੱਚ ਆਪ ਆਪਣੀ ਬਾਲ ਅਵਸਥਾ ਦੀ ਇੱਕ ਝਲਕ ਐਉਂ ਬਿਆਨ ਕਰਦੇ ਹਨ---

ਇੱਕ ਸਮੇਂ ਠੰਢ ਕਾਲ ਦੀ ਰੁੱਤ ਸੀ,ਸੰਤਾਂ ਦੀ ਕ੍ਰਿਪਾ ਦੇ ਨਾਲ ਦਿੱਵ ਭੋਜਨ ਦੁੱਧ ਆਦਿਕ ਛੱਕ ਕਰਕੇ ਸਰਦੀ ਦੇ ਕਾਰਨ ਰਜ਼ਾਈ ਤੁਲਾਈ ਲੈਕੇ ਮੰਜੇ ਤੇ ਮੈਂ ਸੌਂ ਗਿਆਂ।ਜਦ ਦੋ ਦਿਨ ਲਗਾਤਾਰ ਸੰਤਾਂ ਨੇ ਬਹੁਤ ਸਵੇਰੇ ਕੀਰਤਨ ਕਥਾ ਵੇਲੇ ਮੈਨੂੰ ਸੰਗਤ ਵਿੱਚ ਨਾਂ ਡਿੱਠਾ,ਤਾਂ ਤੀਸਰੇ ਦਿਨ ਇੱਕ ਆਪਣੇ ਸੇਵਕ ਭਾਈ ਕਨ੍ਹਯਾ ਰਾਮ ਜੀ ਨੂੰ ਆਗਿਆ ਕੀਤੀ ਕਿ ਇਸ ਬਾਲਕ ਨੂੰ ਬੇੜੀ ਉਪਰ ਚੜ੍ਹਾ ਕੇ ਦਰਿਆਓਂ ਪਾਰ ਕਰ ਦਿਓ,ਤਾਂ ਜੋ ਇਹ ਆਪਣੀ ਮਾਤਾ ਪਾਸ ਚਲਾ ਜਾਏ।ਇਹ ਸੁਣ ਕੇ ਮੈਂ ਰੋਣ ਲੱਗ ਪਿਆ ਤੇ ਉਦਾਸੀ ਵਿੱਚ ਬਾਣੀ ਦੇ ਨੇਮ ਦਾ ਪ੍ਰਵਾਹ ਬੰਦ ਹੋ ਗਿਆ।ਇਹ ਦੇਖ ਕੇ ਭਾਈ ਕਨ੍ਹਯਾ ਰਾਮ ਜੀ ਨੇ ਇਕਾਂਤ ਵਿੱਚ ਮੈਨੂੰ ਸਮਝਾਇਆ ਕਿ ਸੰਤਾਂ ਪਾਸੋਂ ਭੁੱਲ ਬਖਸ਼ਾ ਲੈ।ਸੋ ਗੱਲ ਵਿੱਚ ਪੱਲਾ ਪਾ ਕੇ ਖਿਮਾਂ ਮੂਰਤ ਸੰਤਾਂ ਦੇ ਚਰਨਾਂ ਤੇ ਮੈਂ ਜਾ ਪਿਆ ਤੇ ਬੇਨਤੀ ਕੀਤੀ ਕਿ ਮਹਾਂਰਾਜ ਜੀ,ਪਿਛਲੀ ਖਤਾ ਬਖਸ਼ ਲਓ,ਅੱਗੋਂ ਮੈਂ ਕਥਾ ਤੇ ਕੀਰਤਨ ਦੇ ਸਮੇਂ ਕਦੇ ਗੈਰ ਹਾਜ਼ਰ ਨਹੀਂ ਹੋਵਾਂਗਾ।ਦਯਾ ਦੇ ਸਮੁੰਦਰ ਸੰਤ ਜੀ ਨੇ ਖਿਮਾਂ ਬਖਸ਼ੀ,ਛਾਤੀ ਨਾਲ ਮੈਨੂੰ ਲਗਾ ਕੇ ਕੁਝ ਇਸ ਪ੍ਰਕਾਰ ਦਾ ਉਪਦੇਸ਼ ਦਿੱਤਾ:--

ਬੇਟਾ ਸੰਤਾਂ ਦੀ ਸੰਗਤ ਵਿੱਚ ਮਿਲ ਬੈਠਣ ਦਾ ਲਾਭ ਇਹੀ ਹੈ ਕਿ ਬਾਣੀ ਦਾ ਅਭਿਆਸ ਵਧੇ ਤੇ ਸੇਵਾ ਕਰਕੇ ਜਨਮ ਸੁਫਲਾ ਹੋਵੇ।ਸਰੀਰ ਦੀ ਪਾਲਣਾ ਕੀਤੀ ਜਾਏ,ਅਰਾਮ ਦਿੱਤਾ ਜਾਏ,ਪਰ ਇੰਨਾ ਕਿ ਜਿਤਨੇ ਨਾਲ ਇਹ ਸੇਵਾ ਤੇ ਭਜਨ ਕਰਨ ਵਿੱਚ ਤਿਆਰ-ਬਰ-ਤਿਆਰ ਰਹੇ।ਇਸਨੂੰ ਆਰਾਮ-ਤਲਬੀ ਵਿਚ ਨਹੀਂ ਪਾਉਣਾ ਚਾਹੀਦਾ,ਜੇ ਸਰੀਰ ਆਰਾਮ ਤਲਬ ਬਣ ਗਿਆ ਤਦ ਅੰਮ੍ਰਿਤ ਵੇਲੇ ਉਠਣਾ,ਇਸ਼ਨਾਨ ਤੇ ਭਜਨ ਸਿਮਰਨ ਵਲੋਂ ਖੁੰਝਾਈ ਹੋਣ ਲੱਗ ਪਏਗੀ।ਇਸ ਲਈ ਜਿੱਥੇ ਸਰੀਰ ਨੂੰ ਅਰੋਗ ਰੱਖਣ ਲਈ ਖਾਣ ਪੀਣ ਤੇ ਅਰਾਮ ਦੇਣ ਦੀ ਲੋੜ ਹੈ,ਉੱਥੇ ਇਸ ਨੂੰ ਆਲਸੀ ਨਹੀਂ ਹੋਣ ਦੇਣਾ ਚਾਹੀਦਾ।

ਸਾਧ ਸੰਗਤ ਲੋਹੇ ਦੇ ਕਿਲੇ ਨਿਆਂਈ ਹੈ ਜਿੰਨਾ ਚਿਰ ਜਗਿਆਸੂ ਸਾਧ ਸੰਗਤ ਰੂਪ ਕਿਲੇ ਵਿੱਚ ਰਹੇਗਾ,ਸੁਖੀ ਰਹੇਗਾ ਤੇ ਕਾਮ ਕ੍ਰੋਧ ਆਦਿ ਸ਼ਤਰੂਆਂ ਤੋਂ ਬਚਿਆ ਰਹੇਗਾ।ਇਹਨਾਂ ਮਹਾਂ ਵਿਖਾਦੀਆਂ ਦਾ ਉਥੇ ਚਾਰਾ ਨਹੀਂ ਚਲੇਗਾ।ਇਸ ਵਾਸਤੇ ਹੇ ਬੇਟਾ,ਗੁਰਬਾਣੀ ਦੇ ਆਸਰੇ ਰਹਿਣ ਲਈ ਤੁਹਾਨੂੰ ਸਾਡੇ ਵਲੋਂ ਤਾਕੀਦ ਹੈ,ਗੁਰਬਾਣੀ ਪੜ੍ਹਣ ਤੇ ਸੁਨਣ ਤੋਂ ਬਗੈਰ ਇਹ ਜੋ ਅਮੋਲਕ ਸਵਾਸ ਹਨ,ਐਵੇਂ ਨਹੀਂ ਗਵਾਉਣੇ।ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਬਿਨਾ ਅੰਨ ਜਲ ਨਹੀਂ ਛਕਣਾ,ਤੇ ਕਥਾ ਕੀਰਤਨ ਨੂੰ ਆਤਮਾਂ ਦਾ ਅਹਾਰ ਸਮਝਣਾ ਜਿਵੇਂ ਸਤਿਗੁਰਾਂ ਦਾ ਵਾਕ ਹੈ----

॥ ਸਿਮਰਿ ਸਿਮਰਿ ਨਾਮੁ ਬਾਰੰਬਰ॥ ਨਾਨਕ ਜੀਅ ਕਾ ਇਹੈ ਅਧਾਰ॥

ਕਿੰਨੇ ਮਹਾਨ ਸਨ ਬਾਬਾ ਜੀ ਜਿਹਨਾਂ ਨੂੰ ਐਨੀ ਛੋਟੀ ਉਮਰੇ ਅਜਿਹੇ ਉਪਦੇਸ਼ ਪ੍ਰਾਪਤ ਹੋਏ,ਅਤੇ ਉਹਨਾਂ ਨੇ ਇਹਨਾਂ ਨੂੰ ਅਜਿਹਾ ਘੁੱਟ ਕੇ ਪੱਲੇ ਬੰਨਿਆਂ ਕਿ ਆਖਰੀ ਸਵਾਸ ਤੱਕ ਤੋੜ ਤੱਕ ਨਿਭਾਇਆ।ਆਪਣੇ ਜੀਵਨ ਦੌਰਾਨ ਬਾਬਾ ਜੀ ਇਸ ਸੌਂ ਜਾਣ ਵਾਲੀ ਸਾਖੀ ਨੂੰ ਸੰਗਤਾਂ ਨਾਲ ਬੜੇ ਪਰੇਮ ਨਾਲ ਸਾਂਝਾ ਕਰਿਆ ਕਰਦੇ ਸਨ ਅਤੇ ਨਾਲ ਹੀ ਭਾਈ ਕਨ੍ਹਯਾ ਰਾਮ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਰਦੇ ਸਨ ਕਿ "ਧੰਨ ਹਨ ਸੰਤ ਪਰਉਪਕਾਰੀ,ਜਿਹਨਾਂ ਨੇ ਗੁਲਾਮ ਨੂੰ ਰਸਤੇ ਪਾਇਆ"।ਇਸ ਉਪਦੇਸ਼ ਦਾ ਅਸਰ ਇਹ ਹੋਇਆ ਕਿ ਆਪ ਨੇ ਕਦੇ ਵੀ ਕਥਾ ਕੀਰਤਨ ਵਿੱਚ ਨਾਗਾ ਨਹੀਂ ਪਾਇਆ।

ਈ-ਮੇਲ : amarjitkaur1@hotmail.com

# ਗੁਰੂ ਘਰ ਦਾ ਅਨਿੰਨ ਕੀਰਤਨੀਆ - ਰਬਾਬੀ ਭਾਈ ਚਾਂਦ

## ਕਰਤਾਰ ਸਿੰਘ ਨੀਲਧਾਰੀ

ਸਭਨਾ ਉਪਰਿ ਨਦਰਿ ਪ੍ਰਭ ਤੇਰੀ।
ਕਿਸੈ ਥੋੜੀ ਕਿਸੈ ਹੈ ਘਨੇਰੀ (119)

ਭਾਈ ਚਾਂਦ ਦੇ ਬਤੌਰ ਨਜ਼ਰਾਨਾ-ਏ-ਅਕੀਦਤ ਬਾਰੇ ਟੀ. ਸੀ. ਨਾਗਪਾਲ ਜੀ ਇਕ ਪੰਜਾਬੀ ਸ਼ੇਅਰ ਦਰਜ ਕਰਦੇ ਹਨ।

ਕਿਸੇ ਸੁਭਾਗੀ ਮਾਂ ਨੇ ਹੁਣ ਤੱਕ ਨਹੀਂ ਜੰਮਿਆ ਕੋਈ ਚਾਂਦ ਮੁੜ ਕੇ
ਤੂੰ ਆਪਣੀ ਮਿਸਾਲ ਆਪ ਬਣਕੇ ਬਸ ਆਪਣੀ ਨੀਂਦ ਸੌਂ ਗਿਓ ॥

ਭਾਈ ਚਾਂਦ ਜੀ ਦੀ ਉਪਮਾ ਵਿਚ ਦਰਜ ਸ਼ੇਅਰ ਉਰਦੂ ਅਸਲ ਦਾ ਅਨੁਵਾਦ ਹੈ। ਲੇਖ ਲੜੀ, ਅਗਸਤ 1990 ਅੰਕ ਅੰਮ੍ਰਿਤ ਕੀਰਤਨ ਦੀ, ਉਪਲਬਧ ਨਹੀਂ ਹੋਈ ਇਹ ਉਸ ਤੋਂ ਅਗਲੇ ( ਅੰਕ 17 ਅਕਤੂਬਰ 1990) ਲੜੀ ਦਾ ਸੰਖੇਪ ਸਾਰ ਹੈ।

1. ਸਿਰਲੇਖੀ ਗੁਰਬਾਣੀ ਤੁਕ ਭਾਈ ਚਾਂਦ ਦੇ ਉਪਰ ਰੱਬ ਦੀ ਨਦਰੇ ਅਨਾਇਤ ਦੀ ਭਾਵਨਾ ਨਾਲ ਲੇਖਕ ਨੇ ਵਰਤ ਕੇ ਅਗੋਂ ਆਪਣੇ ਅਨੁਭਵ ਦਰਜ ਕੀਤੇ ਹਨ। ਭਾਈ ਚਾਂਦ ਦਾ ਬਚਪਨ ਦਾ ਨਾਮ ਚਰਾਗ ਸੀ,ਕਿਸੇ ਬਜ਼ੁਰਗ ਦੀ ਦੂਰ ਦ੍ਰਿਸ਼ਟੀ ਨੇ ਨਾਮ ਚਾਂਦ ਰੱਖ ਦਿਤਾ। ਪਿਤਾ ਦਾ ਨਾਮ ਸਰਦਾਰ ਸੀ ਜੋ ਪਿੰਡ ਜੱਲੋਂ ਲਾਗੇ ਮੁਨਾਵਾਂ ਰਹਿੰਦਾ ਸੀ। ਲੋਕਮੰਚ ਉਤੇ ਆਪਜੀ ਭਾਈ ਚਾਂਦ ਸੁਤਲਾਨੀ ਵਾਲੇ ਦੇ ਨਾਮ ਨਾਲ ਆਏ, ਮਕਬੂਲ ਤੇ ਮਸ਼ਹੂਰ ਹੋਏ। ਸੰਨ 1936 ਈ ਵਿਚ ਆਪ ਦੀ ਰਿਹਾਇਸ਼ ਕਟੜਾ ਹੋਰਡ ਅੰਦਰੂਨ ਲੋਹਗੜ ਗੇਟ ਅੰਮ੍ਰਿਤਸਰ ਵਿਚ ਲੇਖਕ ਨੇ ਭਾਈ ਚਾਂਦ ਰਬਾਬੀ-ਸੁਤਲਾਨੀ ਵਾਲੇ ਨਾਮ ਦਾ ਬੋਹੜ ਲਟਕਿਆ ਦੇਖਿਆ ਸੀ।

2 ਜਨਮ ਜਾਤ ਰੱਬੀ ਦਾਤ ਨਾਲ ਗਲਾ ਬੜਾ ਸੁਰੀਲਾ, ਲਚਕਦਾਰ ਅਤੇ ਮੀਂਡ ਭਰਿਆ ਸੀ। ਜਦੋਂ ਕਦੀ ਆਪ ਆਵਾਜ਼ ਆਸਮਾਨੀ ਹੀ ਚੜ੍ਹਾ ਲੈਂਦੇ ਤਾਂ ਸਾਥੀ ਭਾਈ ਚਾਨਣਾ ਦੀ ਕਦੀ ਕਦੀ ਚੀਖ ਹੀ ਨਿਕਲ ਜਾਂਦੀ ਸੀ। ਮਨ ਅੰਦਰ ਇਕ ਚਾਹ ਬਚਪਨ ਤੋਂ ਹੀ ਪਾਲੀ ਸੀ ਕਿ ਆਪਣੇ ਸਮੇਂ ਦਾ ਸਿਰਮੌਰ ਕੀਰਤਨਕਾਰ ਸੇਵਾਦਾਰ ਬਨਣਾ ਹੈ। ਕੀਰਤਨ ਕਰਨ ਸਮੇਂ ਵਾਸਕਟ ਉਤਾਰ ਕੇ ਰਸ ਭਿੰਨੇ ਕੀਰਤਨ ਵਿਚ ਆਪਣੇ ਨਾਲ ਸਾਰੇ ਸ੍ਰੋਤਿਆਂ ਨੂੰ ਸ਼ਾਮਿਲ ਕਰਾ ਦੇਂਦੇ ਸਨ। ਉਨ੍ਹਾਂ ਦੀ ਵਿਸ਼ੇਸ਼ਤਾ ਕੀਰਤਨ ਨੂੰ ਸੇਵਾ ਸਮਝ ਕੇ ਗੁਰਮਤਿ ਸਿਧਾਂਤਾ ਨੂੰ ਗੁਰਬਾਣੀ ਪ੍ਰਮਾਣਾਂ ਨਾਲ ਸ਼ਿੰਗਾਰ ਕੇ ਸ੍ਰੋਤਿਆਂ ਨੂੰ ਬਾਣੀ ਬੋਧੀ ਬਣਾ ਦੇਂਦਾ ਸੀ। ਸੰਗੀਤਕਾਰੀ ਵਿਚ ਉਸ ਸਮੇਂ ਉਨ੍ਹਾਂ ਨਾਲੋਂ ਉਤਮ ਅਨੇਕ ਕਲਾਕਾਰ ਸਨ ਪਰ ਭਾਈ ਚਾਂਦ ਗੁਰੂ ਦੇ ਵਿਲੱਖਣ ਰਬਾਬੀ ਦੇ ਨਾਤੇ ਵੱਖਰੀ ਸ਼ਖ਼ਸ਼ੀਅਤ ਬਣ ਗਏ ਸਨ।

3. ਭਾਈ ਚਾਂਦ ਜੀ ਸਭ ਤੋਂ ਪਹਿਲਾਂ ਮੰਗਲਾਚਰਣ ਕਰਦੇ ਹੋਏ ਹੀ ਸ੍ਰੋਤਿਆਂ ਨੂੰ ਆਪਣੀ ਅਸਧਾਰਨਤਾ ਅਤੇ ਕਾਮਿਲ ਮੁਰਸ਼ਦ ਦਾ ਸ਼ਗਿਰਦ ਹੋਣ ਦਾ ਅਹਿਸਾਸ ਕਰਾ ਦੇਂਦੇ ਸਨ। ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਅਤੇ ਭਾਈ ਨੰਦ ਲਾਲ ਜੀ ਦੀ ਫਾਰਸੀ ਰਚਨਾਵਾਂ ਤੋਂ ਅਲਾਵਾ ਦਸਮ ਗ੍ਰੰਥ ਦੀ ਕਾਫੀ ਬਾਣੀ ਵੀ ਜ਼ਬਾਨੀ ਯਾਦ ਸੀ। ਨਿਸ਼ਚਿਤ ਭਾਵ ਦਾ ਸ਼ਬਦ ਗਾਇਨ ਸ਼ੁਰੂ ਕਰਕੇ ਭਾਈ ਚਾਂਦ ਪ੍ਰਮਾਣਾਂ ਦਾ ਪ੍ਰਵਾਹ ਚਲਾਂਦੇ ਹੋਏ

ਗਾਇਕੀ ਦੀ ਸਤਰੰਗੀ ਛਵੀ ਵਿਚ ਸ੍ਰੋਤਿਆਂ ਨੂੰ ਨਿਹਾਲ ਕਰ ਦੇਂਦੇ ਸਨ। ਸੁਲੋਕ ਜਾ ਕਿਸੇ ਪਦ ਦੇ ਮੰਗਲਾਚਰਣ ਤੋਂ ਬਾਦ ਗਾਇਨ ਕਰਦੇ ਹੋਏ ਰਾਗ ਦਾ ਆਲਾਪ, ਤਾਨ, ਪਲਟੇ, ਗਲੇ ਦੀ ਮੁਰਕੀਆਂ, ਲੈਅ ਦੀ ਪਕੜ, ਮੀਂਡ, ਸੀਨੇ ਦੇ ਜ਼ੋਰ ਨਾਲ ਭਰਵੀਂ ਗਾਇਕੀ ਹੇਠਲੀ-ਉਪਰਲੀ ਆਵਾਜ਼ ਦਾ ਪ੍ਰਗਟਾਵਾ, ਸਾਜ਼ਾਂ ਦੀ ਜ਼ੋਰਦਾਰ ਗੜ ਗੜਾਹਟ ਅਤੇ ਧਮਕ- ਇਸ ਵਿਚ ਆਪਜੀ ਦੇ ਸਾਈਡ ਤੇ ਬੈਠੇ ਸਾਥੀ ਭੀ ਕੁਝ ਹੱਦ ਤਕ ਮਦਦ ਹੁੰਦੀ। ਫੇਰ ਕੋਈ ਸ਼ਬਦ ਸ਼ੁਰੂ ਕਰਕੇ ਗਾਇਨ ਵਿਚ ਸਾਥੀ ਗਾਇਕ ਦੀ ਵਾਰੀ ਲੈਂਦੇ । ਤਬਲਾ ਨਿਵਾਜ਼ ਦੀ ਕਾਰਗੁਜਾਰੀ ਵੀ ਪੂਰੀ ਕੱਸੀ ਹੋਈ ਰੱਖੀ ਜਾਂਦੀ।

ਜੋ ਜਲ ਗੁਜ਼ਰ ਗਿਆ ਇਸ ਰਾਹੀਂ ਬਹੁੜ ਨਾ ਵਗਸੀ ਭਲਕੇ।

ਰੇਲ ਮੁਸਾਫਿਰ ਪੂਰ ਬੇੜੀ ਦਾ ਫੇਰ ਨਾ ਬੈਸੀ ਰਲਕੇ॥

ਜੋ ਤਰਜ਼ ਅੱਜ ਗਾ ਵਜਾ ਲਈ ਉਸਦੀ ਵਾਰੀ ਕਈ ਮਹੀਨੇ ਵੀ ਮੁੜ ਕਦੇ ਨਹੀਂ ਸੀ ਆਉਂਦੀ। ਜੇਕਰ ਉਹ ਤਰਜ਼ ਦੁਬਾਰਾ ਗਾਇਕੀ ਵਿਚ ਆਉਂਦੀ ਤਾਂ ਸ਼ਬਦ ਤੇ ਪ੍ਰਮਾਣ ਨਵੇਂ ਹੀ ਹੁੰਦੇ ਸਨ। ਕੋਈ ਸ੍ਰੋਤਾ ਕਿਸੇ ਪਹਿਲਾਂ ਸੁਣੇ ਸ਼ਬਦ ਦੀ ਫਰਮਾਇਸ਼ ਕਰਦਾ ਤਾਂ ਭਾਈ ਜੀ ਹੱਸ ਕੇ ਕਹਿੰਦੇ-ਵੇਖੋ ਗੁਰੂ ਸਾਹਿਬ ਮੂੰਹੋ ਕੀ-ਕਢਾਉਂਦੇ ਹਨ? ਉਨ੍ਹਾਂ ਦੇ ਵਿਚਾਰ ਖਾਂ ਸਾਹਿਬ ਆਲਮ ਮੀਰ ਨਾਲ ਮਿਲਦੇ ਸਨ ਕਿ- ਅਸੀਂ ਫਨ ਦੇ ਗੁਲਾਮ ਹਾਂ ਫਨ ਸਾਡਾ ਗੁਲਾਮ ਨਹੀਂ ਕਿ ਸ੍ਰੋਤਿਆਂ ਦੀ ਫੁਰਮਾਇਸ਼ ਤੇ ਬੇ ਮੌਕਾ-ਮਾਹੌਲ ਜਿੱਧਰ ਮਰਜ਼ੀ ਮੋੜ ਦੇਈਏ।

4. ਭਾਈ ਚਾਂਦ ਅੱਖਾਂ ਬੰਦ ਰਕੇ ਜਾਂ ਗੁਰਦਨ ਸੁੱਟਕੇ ਕੀਰਤਨ ਨਹੀਂ ਸੀ ਕਰਦੇ। ਨਾ ਹੀ ਇੰਝ ਗਰਦਨ ਸੁੱਟਕੇ ਸ੍ਰੋਤਿਆਂ ਨੂੰ ਉਂਘਾ ਲੈਣ ਦੇਂਦੇ ਸਨ। ਮਹਿਫਲ ਵਿਚੋਂ ਉੱਠ ਕੇ ਭਾਵੇਂ ਕੋਈ ਚਲਾ ਜਾਵੇ ਪਰ ਊਘਾਂ ਨਹੀਂ ਸੀ ਲੈ ਸਕਦਾ। ਕਿਉਂਕਿ ਕਿਸੇ ਵਕਤ ਵੀ ਉਹ ਹੱਥ ਤੇ ਅੱਖ ਦੇ ਇਸ਼ਾਰੇ ਨਾਲ ਮੁਖ਼ਾਤਿਬ ਕਰਕੇ ਇੰਝ ਗਾ ਦੇਂਦੇ ਸਨ:-

ਜਿਨਿ ਐਸਾ ਹਰਿਨਾਮੁ ਨ ਚੇਤਿਓ ਸੇ ਕਾਹੇ ਆਏ ਰਾਮ ਰਾਜੇ ॥(1450)

ਇਸ ਉਪਰ ਪ੍ਰਮਾਣ ਜਾਂ ਮੌਕੇ ਮਾਹੋਲ ਦੇ ਸ਼ਬਦ ਉਪਦੇਸ਼ ਵਜੋਂ ਗਾ ਦਿੰਦੇ-ਬੂਰੇ ਕਾਮ ਕਉ ਉਠਿ ਖਲੋਇਆ। ਨਾਮ ਕੀ ਬੇਲਾ ਪੈ ਪੈ ਸੋਇਆ(738)। ਸਿਆਮ ਸੁੰਦਰ ਤਜਿ ਨੀਂਦ ਕਿਉਂ ਆਈ ? (745) ਅਨੇਕ ਹੋਰ ਇਸ ਤਰਾਂ ਦੇ ਚੇਤਾਵਨੀ ਉਪਦੇਸ਼ ਗਾਇਨ ਕਰਕੇ ਸ੍ਰੋਤਿਆਂ ਨੂੰ ਚੇਤੰਨ ਰੱਖਣਾ ਪਸੰਦ ਕਰਦੇ ਸਨ। ਸੁਸਤ ਸ੍ਰੋਤੇ ਨੂੰ ਇਹ ਬਾਣੀ ਤੀਰ ਵਾਂਗ ਅੰਦਰ ਤਕ ਝੰਝੋੜ ਦੇਂਦੇ ਸਨ।

5. ਭਾਈ ਚਾਂਦ ਗੁਰੂ ਕੇ ਰਬਾਬੀ ਸਨ ਸਰੀਰ ਦੀ ਢਿੱਲ ਵਿਚ ਕਦੇ ਵੀ ਕੀਰਤਨ ਕਰਨ ਲਈ ਰਾਜ਼ੀ ਨਾ ਹੁੰਦੇ। ਕਿਸੇ ਗਮੀ ਖੁਸ਼ੀ ਵਿਚ ਵੀ ਉਹ ਆਪਣੇ ਕੀਤਰਨ ਦੀ ਛਾਪ ਛੱਡ ਕੇ ਆਉਂਦੇ ਸਨ। ਮਾਇਆ ਦਾ ਉਨ੍ਹਾਂ ਨੂੰ ਲਾਲਚ ਨਹੀਂ ਸੀ ਕਿ ਕਿਤੇ ਖਾਨਾ ਪੂਰਤੀ ਲਈ ਚਲੇ ਜਾਣ। ਮਾਇਆ ਉਨ੍ਹਾਂ ਦੀ ਦਾਸੀ। ਸੰਨ 1935-36 ਦੇ ਦੌਰ ਵਿਚ ਹਰਿਮੰਦਿਰ ਵਿਚ 8-10, 12-15 ਰੁਪਏ ਰੋਜ਼ ਸੰਗਤ ਵਲੋਂ ਭੇਟਾ ਹੋ ਜਾਂਦੀ ਸੀ। ਲੇਖਕ ਦੀ ਮਾਰਫਤ ਵੇਦਾਂਤੀ ਨਿਰਮਲ ਜੀ ਨੇ ਆਪਣੇ ਗੁਰੂ ਦੀ ਬਰਸੀ ਤੇ ਤਿੰਨ ਸਾਲ ਲਗਾਤਾਰ ਬੁਲਾਇਆ ਸੀ। ਪਹਿਲੇ ਹੀ ਸਮਾਗਮ ਵਿਚ ਮਾਇਆ ਦਾ ਮੀਂਹ ਵਰ੍ਹਦਾ ਦੇਖਿਆ ਸਭਨੇ।

6. ਗੁਰਮਤਿ ਕੀਰਤਨ ਮਰਯਾਦਾ ਅਨੁਸਾਰ ਭਾਈ ਚਾਂਦ ਜੀ ਤਬਲਚੀ ਨੂੰ ਨਾਲ ਜਾਂ ਮਗਰੋਂ ਗਾਉਣ ਦੀ ਇਜਾਜ਼ਤ ਨਹੀਂ ਸੀ ਦੇਂਦੇ। ਆਸਾ ਦੀ ਵਾਰ ਦੇ ਕੀਰਤਨ ਵਿਚ ਤਬਲਚੀ ਪਉੜੀ ਦਾ ਪਾਠ ਸ਼ੁੱਧ ਕਰ ਸਕਦਾ ਸੀ। ਭਾਈ ਸਾਹਿਬ ਸੰਗਤ ਨੂੰ ਨਾਲ ਨਾਲ ਜਾਂ ਪਿੱਛੇ ਪਿੱਛੇ ਬੋਲਣ ਲਈ ਨਹੀਂ ਸੀ ਕਹਿੰਦੇ। ਸੰਗੀਤ ਦੇ ਜਾਣਕਾਰ ਹੀ ਅਜੇਹਾ ਕੰਮ ਸੁੱਖ ਨਾਲ ਕਰ ਸਕਦੇ ਹਨ ਪਰ ਉਹ ਵੀ ਮਿਲੱਤ ਬਣਾਈ ਹੋਵੇ।

7. ਹਰਿਮੰਦਿਰ ਸਾਹਿਬ ਵਿਚ ਭਾਈ ਚਾਂਦ 3.30 ਤੋਂ 5 ਸ਼ਾਮ ਤਕ ਡਿਊਟੀ ਦੇਂਦੇ ਸਨ ਤੇ ਫੇਰ ਰਾਤ ਨੂੰ 40 ਮਿੰਟ। ਮਗਰੋਂ ਉਹ ਕੇਵਲ ਡੇਢ ਘੰਟੇ ਦੀ ਡਿਊਟੀ ਹੀ ਦੇਂਦੇ ਰਹੇ ਮਗਰੋਂ ਉਨ੍ਹਾਂ ਨੇ ਸੋਦਰ ਦੀ ਚੌਂਕੀ ਦੀ ਡਿਯੂਟੀ ਦੇਣੀ ਸ਼ੁਰੂ ਕਰ ਦਿੱਤੀ।

ਫੇਰ ਹਾਜ਼ਰੀਆਂ ਘਟਣ ਨਾਲ ਸੁਬੁੱਧ ਸ੍ਰੋਤਿਆਂ ਨੂੰ ਬਹੁਤ ਮਾਯੂਸੀ ਹੋਣ ਲਗ ਪਈ। ਅੰਮ੍ਰਿਤ ਰਸ ਦੇ ਬਨਜਾਰਿਆਂ ਦਾ ਗ਼ਮ ਜਾਇਜ ਸੀ। ਫੇਰ ਕਿਸੇ ਵੱਡੇ ਸਮਾਗਮ ਵਿਚ ਜਦੋਂ ਜਾਂਦੇ ਤਾਂ ਮੌਕੇ ਮਾਹੌਲ ਅਨੁਸਾਰ ਐਸੀ ਕਾਰ ਗੁਜ਼ਾਰੀ ਕਰਦੇ ਕਿ ਬਾਕੀ ਆਏ ਕਲਕਾਰ ਵੀ ਦੋ ਚਾਰ ਦਮੜੇ ਭੇਟਾ ਕਰਕੇ ਖੁਸ਼ੀ ਮਹਿਸੂਸ ਕਰਦੇ ਅਤੇ ਆਪ ਨਾਲ ਨਿਜੀ ਤੌਰ ਤੇ ਮੁਲਾਕਾਤ ਕਰਦੇ ਸਨ।

8. ਭਾਈ ਚਾਂਦ ਹੱਸਮੁਖ ਤਾਂ ਸਨ ਕਦੀ ਕਦੀ ਮਿੱਠਾ ਮਜਾਕ ਵੀ ਕਰ ਲੈਂਦੇ ਸਨ। ਇਕ ਰਾਤ ਪਰਦੇਸ ਵਿਚ ਇਕ ਪ੍ਰੇਮੀ ਨੇ ਪੁਛਿਆ- ਰਾਤ ਕਿਥੇ ਡੇਰਾ ਕੀਤਾ ਹੈ? ਭਾਈ ਜੀ ਨੇ ਕਿਹਾ ਅਜੇ ਤੇ ਪਤਾ ਨਹੀਂ ਅੱਧੀ ਰਾਤ ਨੂੰ ਡਿਊਟੀ ਤੋਂ ਬਾਦ ਪਤਾ ਲਗੇਗਾ ਕਿ ਪ੍ਰਬੰਧਕ ਕਿਹੜੇ ਰੁੱਖ ਨਾਲ ਲਟਕਣ ਲਈ ਚਮਗਿੱਦੜਾਂ ਵਾਂਗ ਕਹਿ ਦੇਣਗੇ। ਤੁਸੀ ਭੀ ਬੇਸ਼ਕ ਉਸੇ ਰੁੱਖ ਨਾਲ ਹੀ ਲਟਕ ਜਾਣਾ। ਇਕ ਵਾਰ ਤਰਨਤਾਰਨ ਦਰਬਾਰ ਸਾਹਿਬ ਰਾਤ ਦੀ ਡਿਊਟੀ ਵਿਚ ਮੰਗਲਾਚਰਣ ਤੇ ਰਾਗ ਦੇ ਪੇਸ਼ਕਾਰੀ ਤੋਂ ਕਵਾਲੀ ਨੁਮਾ ਤਰਜ਼ ਵਿਚ ਗਾਇਨ ਸ਼ੁਰੂ ਕੀਤਾ। ਸੰਗਤ ਨਾਲ ਬੋਲਣ ਲਗੀ ਤਾਂ ਆਪਨੇ ਸਾਜ ਠੱਪ ਕੇ ਕਿਹਾ ਧਨ ਭਾਗ ਅੱਜ ਮੈਨੂੰ ਕੁਝ ਸੁਨਣ ਦਾ ਮੌਕਾ ਮਿਲਿਆ। ਸਨੱਾਟਾ ਛਾ ਗਿਆ ਤੇ ਮਗਰੋ ਉਨ੍ਹਾਂ ਪ੍ਰੋਗਰਾਮ ਚਾਲੂ ਕੀਤਾ।

9. ਸੰਨ 1946 ਵਿਚ ਫੇਫੜਿਆਂ ਵਿਚ ਤਕਲੀਫ ਹੋਈ।ਹਕੀਮਾਂ ਡਾਕਟਰਾਂ ਨੇ ਜ਼ੋਰ ਲਾਕੇ ਗਾਇਨ ਤੋਂ ਮਨ੍ਹਾ ਕੀਤਾ। ਹਰਿਮੰਦਿਰ ਸਾਹਿਬ ਦੀ ਸਰਵਿਸ ਛੱਡ ਦੇ ਪ੍ਰਾਈਵੇਟ ਪ੍ਰੋਗ੍ਰਾਮਾਂ ਵਿਚ ਜਾਣ ਦੀ ਖੇਚਲ ਭਾਰੂ ਹੋਈ। ਦੇਸ਼ ਵੰਡ ਸਮੇਂ ਆਪ ਲਾਹੌਰ ਚਲੇ ਗਏ। ਲੇਖਕ 47 ਅਖੀਰ ਤੇ 48 ਸ਼ੁਰੂ ਵਿਚ ਦੋ ਵਾਰ ਵਾਗੇ ਬਾਡਰ ਤੇ ਜਾ ਕੇ ਮਿਲਿਆ। ਲਾਹੌਰ ਵਿਚ ਇਹ ਮਹਾਨ ਰਬਾਬੀ 18 ਜੂਨ 1949 ਨੂੰ ਗੁਜ਼ਰ ਗਿਆ।

10. ਲੇਖਕ ਦਾ ਭਾਈਚਾਂਦ ਜੀ ਨਾਲ 12 ਸਾਲ ਨਿੱਜੀ ਸੰਪਰਕ ਰਿਹਾ। ਆਪਣੇ ਸੰਗੀਤ ਪ੍ਰੇਮ ਅਤੇ ਨਿਵੇਕਲੀ ਅੰਮ੍ਰਿਤ ਧਾਰਾ ਦੇ ਨੇੜੇ ਰਹਿਣ ਦੇ ਅਨੁਭਵ ਵਿਚ ਲਿਖਦਾ ਹੈ "ਰਬਾਬੀ ਕੀਰਤਨੀਏ" ਆਪਣੀ ਗਾਇਕੀ ਵਿਚ ਇਸ ਲਈ ਭੀ ਮੋਹਰੇ ਪੇਸ਼ ਅਤੇ ਪ੍ਰਬੀਨ ਸਨ ਕਿ ਇਨ੍ਹਾਂ ਨੇ ਸ਼ਾਸਤਰੀ ਸੰਗੀਤ ਦੀ ਪਿਤਾ ਪੁਰਖ ਤਾਲੀਮ ਕੁਝ ਨਾ ਕੁਝ ਲੀਤੀ ਹੀ ਹੁੰਦੀ ਸੀ। ਸੋ ਜਿਥੇ ਗਾਉਣ ਵਜਾਉਣ ਦਾ ਜਿਕਰ ਹੋਊ ਉਥੇ ਸ਼ਾਸਤਰੀ ਸੰਗੀਤ ਦੀ ਪ੍ਰਧਾਨਤਾ ਵੀ ਅਵਸ਼ ਕਬੂਲਣੀ ਪਊ ਸੋ ਜੇਕਰ ਕਿਸੇ ਵੀ ਰਾਗੀ ਰਬਾਬੀ ਸੱਜਨ ਨੇ ਸਾਸ਼ਤਰੀ ਸੰਗੀਤ ਦੀ ਤਾਲੀਮ ਤਾ ਨਾਂ ਲੀਤੀ ਹੋਵੇ ਅਤੇ ਐਵੇਂ ਸਾਜ਼ ਫੜ ਕੇ ਸਟੇਜ਼ ਤੇ ਆ ਜਾਵੇ ਤਾਂ ਕਦੇ ਭੀ ਉਹ ਕਾਮਯਾਬੀ ਹਾਸਿਲ ਨਹੀਂ ਕਰ ਸਕਦਾ। ਅਤੇ ਇੰਝ ਨਾ ਹੀ ਉਸਦੀ ਗਾਇਕੀ ਸਿਆਣੇ ਸ੍ਰੋਤੇ ਨੂੰ ਕੀਲ ਸਕਦੀ ਹੈ ਯਾ ਪ੍ਰਭਾਵਿਤ ਕਰ ਸਕਦੀ ਹੈ।"

ਅਜੋਕੇ ਸਮੇਂ ਵਿਚ ਗੁਰਮਤਿ ਸੰਗੀਤ ਕੀਰਤਨ ਦੀ ਜੋ ਦਸ਼ਾ ਹੋ ਰਹੀ ਹੈ ਉਸ ਦਾ ਪਿਛੋਕੜ ਟੀ. ਸੀ. ਨਾਗਪਾਲ ਜੀ ਦੇ ਕੱਢੇ ਨਤੀਜੇ ਤੋਂ ਸਮਝਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਦੇ ਦਰਸ਼ਨ ਅਜ ਟੀ.ਵੀ. ਰਾਹੀਂ ਰਿਲੇ ਹੋਣ ਵਾਲੇ ਗੁਰਧਾਮਾਂ ਦੇ ਕੀਰਤਨ ਵਿਚੋਂ ਤਾਂ ਦਿਨ ਵਿਚ ਦੀਵਾ ਲੈ ਕੇ ਲੱਭਣੇ ਪੈਂਦੇ ਹਨ। ਬੰਗਾਲ ਵਿਚ ਸ੍ਰੀ ਰਵੀਂਦਰ ਨਾਥ ਟੈਗੋਰ ਨੇ ਰਵੀਂਦ੍ਰ ਸੰਗੀਤ ਦੀ ਨਵੀਂ ਵਿਧਾ ਚਲਾਈ ਜੋ ਦੁਨੀਆਂ ਵਿਚ ਪਹਿਚਾਣ ਬਣਾ ਚੁਕਿੱਆ ਹੈ।ਗੁਰਮਤਿ ਸੰਗੀਤ ਦੇ ਪੰਜ ਸੌਂ ਸਾਲਾਂ ਦੇ ਪਿਛੋਕੜ ਨਾਲ ਵੀ ਅਸੀ਼ ਸਿੱਖ ਆਪ ਹੀ ਆਪਣੀ ਅੰਮ੍ਰਿਤ ਆਨੰਦ ਧਾਰਾ ਤੋਂ ਬੇਮੁਖ ਹੋਂਦ ਦੀ ਮਨਮੱਤ ਨੂੰ ਲੋਕ ਪਸੰਦ ਦੇ ਚਿਥੜੇ ਪੁਆ ਰਹੇ ਹਾਂ।

ਅਜ ਕਲ ਕੇਵਲ ਕੀਰਤਨੀਏ ਹੀ ਇਹ ਪ੍ਰਚਾਰ ਕਰਨ ਵਿਚ ਉਤਸਾਹਿਤ ਰਹਿੰਦੇ ਹਨ ਕਿ ਸੰਗਤਾਂ ਸ਼ਾਸਤਰੀ ਸੰਗੀਤ ਰੀਤ ਦਾ ਗੁਰਮਤਿ ਕੀਰਤਨ ਪਸੰਦ ਨਹੀਂ ਕਰਦੀਆਂ। ਮੁਹਾਵਰਾ ਹੈ। 'ਨਾਚ ਨਾ ਜਾਣੇ ਆਂਗਨ ਟੇੜਾ' ਇਸ ਨੂੰ ਲਾਗੂ ਕਰਨ ਦੀ ਵਿਆਖਿਆ ਦੇਣਾ ਉਚਿਤ ਨਹੀਂ। ਕਾਰ ਸੇਵਾ ਵਾਲਿਆਂ ਨੇ ਸਿੰਘ ਸਭਾ ਲਹਿਰ ਦੇ ਗੁਰਦੁਆਰੇ ਬਣਾਓ ਅਭੀਯਾਨ ਦਾ ਰੱਜ ਦੇ ਵਿਸਤਾਰ ਕਰ ਦਿੱਤਾ ਹੈ। ਗੁਰੂ ਵਾਲੇ ਬਣਾਓ, ਗੁਰੂ ਨੂੰ ਰੀਝਾਓ, ਗੁਰੂ ਨੂੰ ਮਨਾਓ ਜਾਂ ਗੁਰੂ ਵਾਲੇ ਪੰਥ ਨੂੰ ਵਧਾਓ ਵਰਗੇ ਜੁਮਲੇ ਸਿਆਸਤ ਤੇ ਉਸ ਨਾਲ ਜੁੜੀ ਕੁਰਸੀਆਂ ਦੀ ਖੇਡ (ਮਿਊਜੀਕਲ ਚੇਅਰ ਗੇਮ) ਵਿਚ ਬੇਲੋੜੇ ਹੋ ਗਏ। ਕਿਸ ਸੰਸਥਾ ਵਿਚ ਕਿੰਨੇ

ਵੀਰ ਖੰਡੇ ਪਾਹੁਲਧਾਰੀ ਹਨ ਇਹ ਪੁਛਣਾ ਵੀ ਅਪਰਾਧ ਹੈ। ਖਾਲਸਾ ਦੇ ਤਿੰਨ ਸੌ ਸਾਲਾ ਸਿਰਜਨਾ ਪੁਰਬਾਂ ਤੇ ਇਹ ਮਸਲਾ ਉਠਾਇਆ ਗਿਆ ਪਰ ਇਸ ਦੀ ਪ੍ਰਤੀਕਿਰਿਆ ਅਤੇ ਪ੍ਰਤੀਕਰਮ ਵਿਚ ਸਿਆਸੀ ਹਿਤ ਹੀ ਹਾਵੀ ਰਹੇ ਸਨ।

ਗੁਰਦੁਆਰਿਆਂ ਦੀ ਵਧਦੀ ਗਿਣਤੀ ਲਈ ਕੀਰਤਨੀਆਂ ਰੂਪੀ ਰੋਜ਼ਗਾਰ ਪ੍ਰਫੁਲਿਤ ਹੋਇਆ ਤੇ ਇਸ ਨਾਲ ਬਾਕੀ ਸੇਵਾਵਾਂ ਲਈ ਸੇਵਾਦਰਾਂ ਦੀ ਭਰਤੀ ਹੁੰਦੀ ਰਹਿੰਦੀ ਹੈ। ਮੁੱਖ ਮੁੱਦਾ ਕੀਰਤਨ ਦਾ ਹੈ ਸੋ ਮਾਹੌਲ ਦੇ ਵੇਰਵਿਆਂ ਵਿਚ ਉਲਝਾਣਾ ਉਚਿੱਤ ਨਹੀਂ ਹੈ। ਸ਼ਾਸ਼ਤਰੀ ਸੰਗੀਤਕਾਰ (ਉਤਰ ਭਾਰਤੀ, ਕਰਨਾਟਕੀ, ਦੱਖਣੀ ਜਾਂ ਹੋਰ) ਕਦੇ ਸ਼ਿਕਾਇਤ ਨਹੀਂ ਕਰਦੇ ਕਿ ਸ਼ਾਸ਼ਤਰੀ ਸੰਗੀਤ ਦੇ ਪਾਰਖੂ ਸ੍ਰੋਤੇ ਨਹੀ਼ ਰਹੇ । ਹਾਂ ਉਸਤਾਦ (ਜਾਂ ਗੁਰੂ) ਇਹ ਸ਼ਿਕਾਇਤ ਜਰੂਰ ਕਰਦੇ ਹਨ ਕਿ ਅਜ ਕਲ ਦੇ ਸਿਖਿਅਕ ਸਬਰ ਸੰਤੋਖ ਨਾਲ ਨਿੱਠ ਕੇ ਸਿੱਖਣ ਦੀ ਬਜਾਏ ਮੰਚ ਪ੍ਰਦਰਸ਼ਨ ਦੇ ਪ੍ਰਲੋਭਨ ਵੱਲ ਦੌੜਦੇ ਹਨ। ਅਜੇਹੇ ਨੌਸਿਖੀਏ ਸੰਗੀਤਕਾਰ ਸ਼ਾਸ਼ਤਰੀ ਸੰਗੀਤ ਦੇ ਅੰਤਰੇ ਨਾਲ ਸੁਗਮ ਸੰਗੀਤ ਦੇ ਮੰਚਾਂ ਵੱਲ ਧੱਕੇ ਖਾਣ ਲਈ ਮਜ਼ਬੂਰ ਹੁੰਦੇ ਹਨ। ਕੀਰਤਨੀਆਂ ਰਾਗੀਆਂ ਵਿਚ ਪਹਿਲਾਂ ਤਾਂ ਸਿਖਿਆ ਨਾਲੋਂ ਸਟੇਜ (ਸੰਗਤ ਸਥਾਨ) ਤੇ ਗਾਉਣ ਦੀ ਕਾਹਲ ਪਈ ਹੁੰਦੀ ਹੈ। ਕਿਸੇ ਤਰਾਂ ਵਾਹੁ-ਵਾਹੁ ਦਾ ਸਬਬ ਬਣ ਜਾਏ ਤਾਂ ਆਪਣੀ ਇਸ਼ਤਿਹਾਰਬਾਜੀ ਦੇ ਅਨੇਕਾਂ ਪ੍ਰਚਾਰ ਸਾਧਨ ਹਨ। ਕੈਸੇਟ ਜਾਂ ਸੀਡੀ ਦਾ ਜੁਗਾੜ ਕਰਕੇ ਐਸੇ ਕੀਰਤਨੀਏ ਸਮਝਦੇ ਹਨ ਕਿ ਮੰਜਿਲ ਮਾਰ ਲਈ ਹੈ। ਫੇਰ ਕੀਰਤਨ ਦਰਬਾਰਾਂ ਦੇ ਰੂਪ ਵਿਚ ਕੀਰਤਨ ਦੀ ਗੁਰਮਤਿ ਰੀਤ ਦੀ ਅਣਦੇਖੀਆਂ ਦੇ ਮੰਚ ਪ੍ਰਸਾਰ ਤਿਆਰ ਮਿਲ ਜਾਂਦੇ ਹਨ। ਜ਼ਿਆਦਾ ਆਲੋਚਨਾ ਹੋਵੇ ਤਾਂ ਵੱਡੇ ਵੱਡੇ ਨਾਮ ਵਾਲੇ ਅਦਾਰੇ (ਯੂਨੀਅਨਾਂ) ਬਣਕੇ ਸੁਰਖਿੱਆ ਕਵਚ ਤਿਆਰ ਖੜੇ ਹਨ।

162-ਏ, ਗਰੇਨ ਮਾਰਕੀਟ, ਚੰਡੀਗੜ੍ਹ, ਮੋਬਾ : 9888213360, 9417143360


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਸ੍ਰੀ ਗੁਰੂ ਨਾਨਕ ਦੇਵ ਜੀ

## ਇਕ ਮਹਾਨ ਸੰਗੀਤਕਾਰ ਅਤੇ ਉਹਨਾਂ ਦੀ ਭਾਰਤੀ ਰਾਗਧਾਰਾ ਨੂੰ ਮਹੱਤਵਪੂਰਨ ਦੇਣ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁੱਲ 19 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਉਹਨਾਂ ਨੇ ਭਾਈ ਮਰਦਾਨਾ ਜੀ ਨੂੰ ਆਪਣੇ ਨਾਲ ਕੀਰਤਨ ਦਾ ਸਾਥੀ ਬਣਾਇਆ। ਮਰਦਾਨਾ ਤੰਤੀ ਸਾਜ ਰਬਾਬ ਵਜਾਉਂਦਾ ਸੀ। ਇਕ ਜਨਮ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਕਿਸੇ ਵਿਸ਼ੇਸ਼ ਰਾਗ ਵਿਚ ਬਾਣੀ ਰਚਨ ਦੀ ਇੱਛਾ ਹੁੰਦੀ ਸੀ ਤਾਂ ਆਪ ਮਰਦਾਨੇ ਨੂੰ ਕਹਿੰਦੇ ਸਨ 'ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ'। ਮਰਦਾਨਾ ਉਹਨਾਂ ਦੇ ਆਦੇਸ਼ ਅਨੁਸਾਰ ਉਸੀ ਰਾਗ ਵਿਚ ਰਬਾਬ ਵਜਾਉਂਣ ਲੱਗ ਜਾਂਦਾ। ਜਿਸ ਨਾਲ ਸਾਰੇ ਵਾਤਾਵਰਣ ਵਿਚ ਉਸ ਰਾਗ ਦਾ ਸਵਰੂਪ ਬਣ ਜਾਂਦਾ ਸੀ। ਫਿਰ ਗੁਰੂ ਨਾਨਕ ਦੇਵ ਜੀ ਮਗਨ ਹੋ ਕੇ ਬਾਣੀ ਉਚਾਰਣ ਲੱਗ ਜਾਂਦੇ। ਗੁਰੂ ਜੀ ਨੇ ਆਪਣੀਆਂ ਰਚਨਾਵਾਂ ਨੂੰ ਰਾਗਧਾਰਾ ਵਿਚ ਪ੍ਰਚਲਿੱਤ ਕਈ ਪੱਖਾਂ ਦੇ ਆਧਾਰ ਤੇ ਰਚਿਆ ਅਤੇ ਨਿਵੇਕਲੀ ਸੰਗੀਤਕ ਰਾਗਧਾਰਾ ਨੂੰ ਭਗਤੀ ਰਚਨਾਵਾਂ ਨਾਲ ਜੋੜ ਕੇ ਪੇਸ਼ ਕੀਤਾ ਜਿਵੇਂ ਸਥਾਨਕ ਰਾਗ, ਹਿੰਦੂਆਂ ਅਤੇ ਮੁਸਲਮਾਨਾਂ ਦੇ ਰਾਗ, ਅੱਲਗ-ਅਲੱਗ ਜਾਤੀਆਂ ਨਾਲ ਸੰਬੰਧਿਤ ਰਾਗ, ਮੱਧਕਾਲ ਦੇ ਜਿਆਦਾ ਪ੍ਰਚਲਿਤ ਰਾਗ, ਅਪ੍ਰਚਿਲਤ ਰਾਗ, ਮੱਧਕਲੀਨ ਸੰਗੀਤਕ ਸ਼ੈਲੀਆਂ ਦੇ ਆਧਾਰ ਤੇ ਰਾਗਾਂ ਦੀ ਚੋਣ ਅਤੇ ਲੋਕ ਪੱਖ ਵਿਚ ਰਾਗਾਂ ਦੇ ਅਧੀਨ ਹੀ ਰਚਨਾਵਾਂ ਲਿਖਿਆਂ ਜਿਵੇਂ :- ਬਾਰਾਮਾਂਹ, ਥਿਤੀ, ਪਹਿਰੇ, ਸੋਦਰ, ਅਲਾਹੁਣੀਆਂ, ਕੁਚੱਜੀ, ਸੁਚੱਜੀ, ਆਰਤੀ, ਵਾਰਾਂ ਆਦਿ ।

ਸ੍ਰੀ ਗੁਰੂ ਨਾਨਕ ਦੇਵ ਜੀ ਸੰਗੀਤ ਪ੍ਰਤੀ ਇੰਨੇ ਗਿਆਨਵਾਨ ਸਨ ਕਿ ਉਹਨਾਂ ਨੇ ਉਸ ਸਮੇ ਦੇ ਗਾਇਨ ਰੂਪ ਅਨੁਸਾਰ ਇਕ ਸ਼ਬਦ ਵਿਚ ਗਾਇਨ ਦੇ ਭਾਗ ਸਥਾਈ, ਅੰਤਰਾ ਲਈ ਰਹਾਓ, ਅੰਕ ਆਦਿ ਦਾ ਪ੍ਰਯੋਗ ਕੀਤਾ। ਤਾਲ ਅਤੇ ਕਿਸੇ ਖਾਸ ਸਵਰ ਸੰਗਤੀਆਂ ਵਿਚ ਕਿਸੇ ਵਿਸ਼ੇਸ਼ ਸ਼ਬਦ ਨੂੰ ਗਾਉਣ ਲਈ ਘਰ, ਧੁਨੀ, ਸ਼ਬਦ ਅੰਕਿਤ ਕੀਤੇ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਪ੍ਰਤੀ ਸਮੁੱਚਾ ਪ੍ਰਬੰਧ ਰਾਗਧਾਰਾ ਤੇ ਅਧਾਰਿਤ ਮੰਨ ਕੇ ਭਾਰਤੀ ਰਾਗਧਾਰਾ ਨੂੰ ਕਿਵੇਂ ਜੀਵਤ ਰੱਖਿਆ? ਇਹ ਸਾਰਾ ਪ੍ਰਬੰਧ ਰਾਗਧਾਰਾ ਅਧੀਨ ਗੁਰੂ ਜੀ ਨੇ ਕਿਵੇਂ ਸਮਾਜਿਕ, ਵਿਗਿਆਨਿਕ ਅਤੇ ਧੁਨੀ-ਭਾਸ਼ਾ ਦੇ ਆਧਾਰ ਤੇ ਸਮਝਿਆ ਅਤੇ ਭਗਤੀ ਸੰਗੀਤ ਨੂੰ ਇਕ ਵੱਖਰੀ ਤੇ ਨਿਵੇਕਲੀ ਧਾਰਾ ਵਿਚ ਪਰੋਇਆ ਇਸ ਨੂੰ ਸਮਝਣ ਦੀ ਲੋੜ ਹੈ। "ਭਾਰਤੀ ਰਾਗਧਾਰਾ ਦਾ ਨਿਰਮਾਣ ਪੌਰਾਣਿਕ ਦ੍ਰਿਸ਼ਟੀ ਤੋਂ ਸ਼ਿਵ, ਲਛਮੀ, ਨਾਰਦ ਆਦਿ ਤੋਂ ਮੰਨਿਆ ਗਿਆ ਹੈ। ਭਾਰਤੀ ਗ੍ਰੰਥਾਂ ਵਿਚ ਸੰਗੀਤ ਸੰਬੰਧੀ ਗਿਆਨ ਸਭ ਤੋਂ ਪਹਿਲਾਂ ਸਾਮਵੇਦ ਵਿਚ ਹੀ ਉਪਲਬਧ ਹੈ। ਭਰਤ ਮੁਨੀ ਨੇ ਨਾਟਯ ਸ਼ਾਸ਼ਤਰ ਵਿਚ ਨਾਟ, ਨ੍ਰਿਤ ਅਤੇ ਸੰਗੀਤ ਸੰਬੰਧੀ ਵਿਸ਼ਲੇਸ਼ਣ ਜਰੂਰ ਕੀਤਾ ਹੈ ਪਰ ਸੰਗੀਤ ਦੀ ਸ਼ਾਸਤਰਬੱਧ ਵਿਆਖਿਆ ਇਸ ਗ੍ਰੰਥ ਵਿਚ ਵੀ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਹੁੰਦੀ। ਸਨਾਤਨੀਕਾਲ (600-500 ਪੂ.ਈ.) ਵਿਚ ਜਾਂ ਤਕਰੀਬਨ ਰਮਾਇਣ ਸਮੇਂ ਰਾਗਾਂ ਵਿਚ ਨਹੀ਼ ਰਚੇ ਗਏ। ਵੇਦ ਅਤੇ ਇਹ ਮਹਾਂਕਾਵਿ ਰਾਗ ਪ੍ਰਬੰਧ ਦੀ ਥਾਂ ਕਾਵਿ ਰੂਪਾਂ ਵਿਚ ਲਿਖੇ ਗਏ ਹਨ । ਸਾਨੂੰ ਸ਼ਾਰੰਗ ਦੇਵ ਦਾ ਸ਼ਾਸ਼ਤਰਬਧ ਗ੍ਰੰਥ (1210 ਤੋਂ 1247) 'ਸੰਗੀਤ ਰਤਨਾਕਰ' 13ਵੀਂ ਸਦੀ ਵਿਚ ਹੀ ਮਿਲਦਾ ਹੈ। ਇਸ ਤੋਂ ਬਾਅਦ ਸੁਦਾ ਕੈਲਾਸ਼ (1324) ਦੇ ਸੰਗੀਤ 'ਉਪਨਿਸ਼ਦ' ਅਤੇ 'ਸੰਗੀਤ ਉਪਨਿਸ਼ਦਾਰ' ਗ੍ਰੰਥ ਸੰਗੀਤ ਸਬੰਧੀ ਪ੍ਰਾਪਤ ਹਨ। 15ਵੀਂ ਸਦੀ 1450 ਵਿਚ ਰਾਣਾ ਕੁਭਕਰਨ ਮਹੀਮਿੰਦੂ ਨੇ 'ਗਸੀਕ ਧਰੀਯ' 'ਸੰਗੀਤ ਮਿਮਾਸਾ' ਅਤੇ 'ਸੰਗੀਤ ਰਾਜ' ਗ੍ਰੰਥ ਲਿਖੇ। ਇਸ ਤਰ੍ਹਾਂ ਸੰਗੀਤਕ ਗ੍ਰੰਥਾਂ ਦੀ ਪਰਪਾਟੀ ਨੇ ਅੱਗੋ ਕਾਫੀ ਵਿਕਾਸ ਕੀਤਾ ਜਿਵੇਂ ਕਾਲੀਨਾਥ (1460 ਜਾ 1560), ਹਰੀਨਾਇਕ (1500 ਦੇ ਨੇੜੇ) ਮਦਨਪਾਲ ਦੇਵ (1528) ਖੇਮ ਕਰਣ (1570) ਨੇ ਕ੍ਰਮਵਾਰ 'ਸੰਗੀਤਕਾਰ ਰਤਨਾਕਰ ਟੀਕਾ 'ਸੰਗੀਤਸਾਰ' 'ਆਨੰਦਸੰਜੀਵਨ' 'ਰਾਗਮਾਲਾ' ਗ੍ਰੰਥ ਰਚੇ'[1] ਇਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਰਾਗਾਂ ਦੀਆਂ ਪਰਿਭਾਸ਼ਾਵਾਂ ਅਤੇ ਸੰਗੀਤ ਨਾਲ ਸੰਬੰਧਿਤ ਕਈ ਗ੍ਰੰਥ ਲਿਖੇ ਗਏ। ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਜੀ ਵੀ ਇਹਨਾਂ ਸੰਗੀਤਕ ਗ੍ਰੰਥਾਂ ਤੋਂ ਪ੍ਰਭਾਵਿਤ ਹੋਏ ਹੋਣਗੇ। ਜੋਗੀਆਂ ਦਾ ਕਾਵਿ ਸਾਹਿਤ, ਕਾਵਿ ਰੂਪਾਂ ਵਿਚ ਰਚਿਤ ਹੋਣ ਦੇ ਨਾਲ-ਨਾਲ ਰਾਗ ਆਧਾਰਿਤ ਹੀ ਉਪਲਬਧ ਹੈ। ਜੈ ਦੇਵ ਨੇ ਆਪਣਾ ਕਾਵਿ ਗ੍ਰੰਥ 'ਗੀਤ ਗੋਬਿੰਦ' ਰਾਗਾਂ ਦੇ ਆਧਾਰ ਤੇ ਹੀ ਲਿਖਿਆ। ਏਸੇ ਤਰਾਂ ਪੰਜਾਬੀ ਵਿਚ ਸ਼ੇਖ ਫਰੀਦ ਜੀ ਦੀ ਬਾਣੀ ਵੀ ਰਾਗਾਂ ਅਨੁਸਾਰ ਹੈ। ਭਗਤ ਕਵੀ ਰਵਿਦਾਸ, ਨਾਮਦੇਵ, ਕਬੀਰ ਜੀ ਦੀ ਬਾਣੀ ਵੀ ਰਾਗਾਂ ਅਨੁਸਾਰ ਹੀ ਹੈ ਇਸੇ ਯੁੱਗ ਵਿਚ ਕਾਵਿ ਅਤੇ ਰਾਗ ਦੇ ਸੁਮੇਲ ਦੇ ਨਾਲ-ਨਾਲ ਕੀਰਤਨ ਦਾ ਸੰਕਲਪ ਹੋਂਦ ਵਿਚ ਆ ਗਿਆ ਸੀ। ਗੁਰੂ ਜੀ ਨੇ ਭਗਤੀ ਧਾਰਾ ਦੀ ਪਰੰਪਰਾ ਤੋਂ ਰਾਗ ਅਤੇ ਕੀਰਤਨ ਦਾ ਸੰਕਲਪ ਤਾਂ ਲਿਆ ਸੀ ਪਰ ਉਹਨਾਂ ਦੇ ਰਾਗ ਅਤੇ ਕੀਰਤਨ ਦੇ ਸੰਕਲਪ ਦੀ ਪਰੰਪਰਾ ਨੂੰ ਪਰੰਪਰਾਗਤ ਰੂਪ ਵਿਚ ਰੱਖਣ ਦੀ ਥਾਂ ਇਸ ਵਿਚ ਪਰਿਵਰਤਨ ਲਿਆਂਦਾ।

14ਵੀਂ ਤੇ 15ਵੀਂ ਸਦੀ ਵਿਚ ਵਿਸ਼ੇਸ਼ ਕਰਕੇ ਉਤਰੀ ਭਾਰਤ ਵਿਚ ਸ਼ਾਸ਼ਤਰਬੱਧ ਰਾਗਾਂ ਦਾ ਪ੍ਰਬੰਧ ਢਿੱਲਾ ਪੈਣ ਲੱਗ ਗਿਆ ਸੀ। ਸੂਫੀ ਲੋਕ ਤਾਂ ਭਾਰਤੀ ਸੱਭਿਆਚਾਰ ਦੇ ਬਹੁਤ ਹੀ ਸਮੀਪ ਜਾ ਚੁੱਕੇ ਸਨ ਕਿਉਂਕਿ ਇਸ ਸਮੇਂ ਵਿਚ ਉਤੱਰੀ ਭਾਰਤ ਵਿਚ ਮੁਸਲਿਮ ਸੱਭਿਆਚਾਰ ਦਾ ਪ੍ਰਭਾਵ ਭਾਰਤੀ ਜੀਵਨ ਅਤੇ ਕਲਾ ਉੱਤੇ ਪੈਣ ਲੱਗ ਪਿਆ ਸੀ। ਭਾਰਤੀ ਮੁਸਲਿਮ ਸਭਿਆਚਾਰ ਦੀ ਸਾਂਝ ਤ੍ਹੋ ਬਿਨਾ ਉਤਰੀ ਭਾਰਤ ਵਿਚ ਭਗਤੀ ਧਾਰਾ ਨੇ ਰਾਗਾਂ ਦੇ ਸ਼ਾਸ਼ਤਰਬੱਧ ਪ੍ਰਬੰਧ ਵਿਚ ਵਿਸ਼ੇਸ਼ ਕ੍ਰਾਂਤੀ ਲਿਆਂਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪੰਜਾਬ ਦੇ ਵਾਸੀ ਹੋਣ ਕਰਕੇ ਭਾਰਤੀ ਰਾਗਾਂ ਨੂੰ ਪੰਜਾਬ ਦੇਸ਼ ਅਤੇ ਪੰਜਾਬੀ ਭਾਸ਼ਾ ਦੇ ਸੁਭਾਅ ਅਨੁਸਾਰ ਕਰ ਲਿਆ। ਰਾਗਾਂ ਨੂੰ ਆਪਣੇ ਦੇਸ਼ ਦੇ ਸੁਭਾਅ ਅਨੁਕੂਲ ਢਾਲ ਲੈਣਾ ਵਾਸਤਵ ਵਿਚ ਕਲਾ ਦੀ ਬੁਨਿਆਦੀ ਵਿਗਿਆਨਕ ਸੱਚਾਈ ਨੂੰ ਹੀ ਪਾਲਣਾ ਹੈ। ਗੁਰੂ ਜੀ ਨੇ ਸੰਗੀਤ ਦੀ ਸ਼ਾਸ਼ਸ਼ਤਰਬੱਧ ਪਰੰਪਰਾ ਨੂੰ ਆਪਣੇ ਦੇਸ਼ ਦੇ ਵਾਤਾਵਰਣ ਅਨੁਕੂਲ ਢਾਲ ਕੇ ਲੋਕ ਪੱਧਰ ਤੇ ਲਿਆਂਦਾ ਹੈ। ਇਸੇ ਤਰ੍ਹਾਂ ਹੀ ਗੁਰੂ ਜੀ ਮੌਲਿਕ ਰਾਗ 'ਮਾਝ' ਦੇ ਕਰਤਾਰੀ ਹਨ ਜੋ ਪੰਜਾਬ ਦੇ ਮਾਝੇ ਇਲਾਕੇ ਨਾਲ ਸੰਬੰਧਿਤ ਹੈ। ਰਾਗਾਂ ਅਧੀਨ ਆਪਣੀਆਂ ਰਚਨਾਵਾਂ ਵਿਚ ਆਪ ਨੇ ਰਾਗਾਂ ਦੇ ਨਾਮ ਅਤੇ ਉਹਨਾਂ ਰਾਗਾਂ ਦੀ ਧੁਨੀ ਦੇ ਪ੍ਰਭਾਵ ਦੀ ਮਹਿਮਾ ਕੀਤੀ ਹੈ –
ਜਿਸ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਨੂੰ ਰਾਗਾਂ ਦੀਆਂ ਸਵਰ ਸੰਗਤੀਆਂ ਦੇ ਵਿਗਿਆਨਕ ਪ੍ਰਭਾਵ ਦਾ ਗਿਆਨ ਸੀ

**ਮਹਲਾ ੧ ਬਸੰਤ ॥ ਰੁਤਿ ਆਈਲੇ ਸਰਸ ਬਸੰਤ ਮਾਹਿ ॥** [2]

**"ਮਲਾਰੁ ਸੀਤਲ ਰਾਗੁ ਹੈ ਹਰਿ ਧਿਆਈਐ ਸਾਂਤਿ ਹੋਇ ॥** [3]

ਇਸ ਤੋਂ ਭਾਵ ਇਹੀ ਹੈ ਕਿ ਗੁਰੂ ਜੀ ਸੰਗੀਤ ਵਿਚਲੇ ਧਵਨੀ ਦੇ ਪ੍ਰਭਾਵ ਤੋਂ ਵਾਕਿਫ ਸਨ ਅਤੇ ਆਪ ਜੀ ਮਹਾਨ ਸੰਗੀਤਕਾਰ ਸਨ। "ਸ੍ਰੀ ਗੁਰੂ ਨਾਨਕ ਦੇਵ ਜੀ ਇਕ ਮਹਾਨ ਯੁੱਗ ਪਰਵਰਤਿਕ ਸੰਗੀਤਕਾਰ ਸਨ। ਇਸ ਵਿਸ਼ੇ ਦੀ ਪਰਿਮਾਣਕਤਾ ਦੇ ਚਾਰ ਆਧਾਰ ਸੰਭਵ ਹਨ।

1. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ, ਸਵੈ-ਪਰਿਚਯ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
2. ਮੱਧਕਾਲੀਨ ਸਾਹਿਤ ਵਿਚ ਗੁਰੂ ਜੀ ਦੀ ਸੰਗੀਤ ਪ੍ਰਤਿਭਾ ਦੇ ਸਪੱਸ਼ਟ ਸੰਕੇਤ।
3. ਆਧੁਨਿਕ ਸਿੱਖ ਸਮਾਜ ਅਤੇ ਗੁਰਦੁਆਰਿਆਂ ਵਿਚ ਪ੍ਰਚਲਿਤ ਗੁਰੂ ਜੀ ਦੀਆਂ ਸੰਗੀਤਕ ਰਚਨਾਵਾਂ ਦੀ ਪਰੰਪਰਾਗਤ ਰੂਪ ਵਿਚ ਵਿਕਸਿਤ ਕੀਰਤਨ ਸ਼ੈਲੀ।
4. ਆਧੁਨਿਕ ਸੰਗੀਤਕਾਰਾਂ, ਇਤਿਹਾਸਕਾਰਾਂ ਤੇ ਸਾਹਿਤਕਾਰਾਂ ਦਾ ਗੁਰੂ ਜੀ ਦੀ ਸੰਗੀਤ ਪ੍ਰਤਿਭਾ ਨੂੰ ਸਵੀਕਾਰ ਕਰਨਾ ਹੈ।"[4]

ਸ੍ਰੀ ਗੁਰੂ ਨਾਨਕ ਦੇਵ ਜੀ ਰਾਗਾਂ ਦੇ ਅਧੀਨ ਹੀ ਕਾਵਿ ਛੰਦਾਂ ਦੇ ਸਿਧਾਂਤ ਨੂੰ ਸਮਝਦੇ ਹੋਏ ਹੀ ਉਹਨਾਂ ਵਿਚਲੀ ਸੰਗੀਤਕ ਲੈਅ ਨੂੰ ਆਪਣੀਆਂ ਰਚਨਾਵਾਂ ਵਿਚ ਸਹਾਇਕ ਸਮਝਿਆ ਅਤੇ ਸੰਗੀਤ-ਕਾਵਿ ਦਾ ਅਨੋਖਾ ਮਿਸ਼ਰਣ ਕੀਤਾ ਆਪ ਨੇ ਰਾਗਾਂ ਅਨੁਸਾਰ ਆਪਣੀਆਂ ਰਚਨਾਵਾਂ ਨੂੰ ਸ਼੍ਰੇਣੀ ਬੱਧ ਕੀਤਾ।

| | | | |
|---|---|---|---|
| 1. | ਜਪੁਜੀ ਸਾਹਿਬ | – | ਦੋ ਜਾਂ ਤਿੰਨਾਂ ਸੁਰਾਂ ਉੱਪਰ ਗਾਈ ਜਾਣ ਵਾਲੀ ਲੰਬੀ ਕਵਿਤਾ |
| 2. | ਰਾਗ ਸਿਰੀ | – | 33 ਚੌਪਦੇ, 13 ਅਸ਼ਟਪਦ, ਦੋ ਪਹਰੇ, 7 ਸਲੋਕ ਤੇ ਸਿਰੀ ਰਾਗ ਦੀ ਵਾਰ ਮੁਹੱਲਾ ੪ ਵਿਚ |
| 3. | ਰਾਗ ਸਾਝ | – | 1 ਅਸ਼ਟਪਦ, 46 ਸਲੋਕ, 27 ਪਉੜੀਆਂ ਦੀ ਵਾਰ |
| 4. | ਰਾਗ ਗਉੜੀ | – | 20 ਚਉਪਦੇ |
| 5. | ਰਾਗ ਆਸਾ | – | 1 ਸੋਦਰ, 2 ਚਉਪਦੇ, 22 ਅਸ਼ਟਪਦ, 2 ਪੱਟੀ, 5 ਛੰਤ, 45 ਸਲੋਕ 24 ਪਉੜੀਆਂ ਦੀ ਵਾਰ । |
| 6. | ਰਾਗ ਗੁਜਰੀ | – | 2 ਚਉਪਦੇ, 5 ਅਸਟਪਦ । |
| 7. | ਰਾਗ ਬਿਹਾਗੜਾ | – | 2 ਸਲੋਕ ਤੇ ਵਾਰ ਮਹਲਾ ੪। |
| 8. | ਰਾਗ ਵਡਹੰਸ | – | 3 ਚਉਪਦੇ, 7 ਛੰਤ (ਅਲਾਹੁਣੀਆਂ ਸਹਿਤ) 3 ਸਲੋਕ ਮਹਲਾ ੪ ਵਿਚ । |
| 9. | ਰਾਗ ਸੋਰਠ | – | 2 ਚਉਪਦੇ, 4 ਅਸ਼ਟਪਦ, 2 ਸਲੋਕ, ਵਾਰ ਮਹਲਾ ੪। |
| 10. | ਰਾਗ ਧਨਾਸਰੀ | – | 8 ਚਉਪਦੇ, 1 ਆਰਤੀ, 2 ਅਸ਼ਟਪਦ, 3 ਛੰਤ |
| 11. | ਰਾਗ ਤਿਲੰਗ | – | 5 ਚਉਪਦੇ, 2 ਅਸ਼ਟਪਦ । |
| 12. | ਰਾਗ ਸੂਹੀ | – | 9 ਚੌਪਦ, 5 ਅਸ਼ਟਪਦ (3 ਕਾਫੀਆਂ ਸਹਿਤ) ਕੁਚੱਜੀ ਤੇ ਸੁਚੱਜੀ ਪਦ । |
| 13. | ਰਾਗ ਬਿਲਾਵਲ | – | 4 ਚਉਪਦੇ, 2 ਅਸ਼ਟਪਦ,1 ਥਿਤੀ, 2 ਛੰਤ,2 ਸਲੋਕ। |
| 14. | ਰਾਗ ਰਾਮਕਲੀ | – | 11 ਚਉਪਦੇ, 9 ਅਸ਼ਟਪਦ,1ਦੱਖਣੀ-ਉਕਾਰ (54 ਪਦ, ਸਿਧ ਗੋਸ਼ਟ (73 ਪਦ) |
| 15. | ਰਾਗ ਮਾਰੂ | – | 12 ਚਉਪਦੇ, 11 ਅਸ਼ਟਪਦ (2 ਕਾਫੀਆਂ ਸਹਿਤ) 22 ਸੋਹਲੇ, 17 ਸਲੋਕ ਵਾਰ ਮਹਲਾ ੩ ਵਿਚ । |

16. ਰਾਗ ਤੁਖਾਰੀ :- ਬਾਰਾਂਮਾਹ (17 ਪਦ) 5 ਚਉਪਦੇ
17. ਰਾਗ ਭੈਰਵ :- 8 ਚਉਪਦੇ, 1 ਅਸ਼ਟਪਦ
18. ਰਾਗ ਬਸੰਤ :- 12 ਚਉਪਦੇ, 1 ਅਸ਼ਟਪਦ
19. ਰਾਗ ਸਾਰੰਗ :- 3 ਚਉਪਦੇ, 2 ਅਸ਼ਟਪਦ, 3 ਸਲੋਕ
20. ਰਾਗ ਮਲਹਾਰ :- 9 ਚਉਪਦੇ, 5 ਅਸ਼ਟਪਦ, 24 ਸਲੋਕ, 28 ਪਉੜੀਆਂ ।
21. ਰਾਗ ਪ੍ਰਭਾਤੀ ਅਤੇ ਵਿਭਾਸ :- 17 ਚਉਪਦੇ, 17 ਅਸ਼ਟਪਦ
22. ਸਹਿਸਕ੍ਰਿਤੀ :- 4 ਸਲੋਕ, 23 ਵਾਰਾਂ ਤੇ ਵਧੀਕ, 33 ਸਲੋਕ"[5]

ਗੁਰੂ ਜੀ ਆਪਣੀ ਰਚਨਾ ਵਿਚ ਸਵੈ-ਪਰਿਚਯ ਸਪਸ਼ਟ ਸ਼ਬਦਾਂ ਵਿਚ ਗਾਇਕ ਕਵੀ ਦੇ ਰੂਪ ਵਿਚ ਸਵੀਕਾਰ ਕਰਦੇ ਹਨ ਇਸ ਲਈ ਆਪ ਇਕ ਮਹਾਨ ਗਾਇਕ ਦੇ ਨਾਲ-ਨਾਲ ਸੰਗੀਤ ਵਾਗਿਯਕਾਰ ਸਨ ਕਿਉਂਕਿ ਉਹਨਾਂ ਨੂੰ ਗੀਤ ਰਚਨਾ, ਸੁਰਬੱਧ ਰਚਨਾ, ਨਾਟ ਕਲ੍ਹਾ (ਸਿੱਧ ਗੋਸ਼ਟ) ਅਤੇ ਨਾਇਕ (ਅਕਾਲਪੁਰਖ) ਨਾਇਕਾ (ਕੁਚੱਜੀ-ਸੁਚੱਜੀ) ਭੇਦ ਦਾ ਗਿਆਨ ਸੀ। ਜੋ ਆਪ ਦੀ ਰਾਗਧਾਰਾ ਪ੍ਰਤੀ ਵਿਗਿਆਨਕ ਸੋਚ ਸੀ ਇਹ ਸਨ ਸਾਨੂੰ ਉਹਨਾਂ ਦੀਆਂ ਰਚਨਾਵਾਂ ਵਿਚ ਗਾਉਣ ਦੇ ਸੰਕੇਤ ਵਜੋਂ ਮਿਲਦਾ ਹੈ:-

"ਸੋਰਠ ਮਹਲਾ ੧ ਘਰ ੬ ੧ੴ ਸਤਿਗੁਰ ਪ੍ਰਸਾਦਿ ॥
ਜਾ ਤਿਸੁ ਭਾਵਾਂ ਤਦ ਹੀ ਗਾਵਾਂ ॥ ਤਾ ਗਾਵੇ ਕਾ ਫਲੁ ਪਾਵਾ ॥
ਗਾਵੇ ਕਾ ਫਲੁ ਹੋਈ ॥ ਜਾ ਆਪੇ ਦੇਵੈ ਸੋਈ"[6]

ਗੁਰੂ ਜੀ ਦਾ ਝੁਕਾਅ ਸੰਗੀਤ ਵੱਲ ਜਿਆਦਾ ਸੀ ਇਸ ਲਈ ਰਬਾਬ ਵਾਦਕ ਸਾਥੀ ਦੀ ਚੋਣ ਇਕ ਗਾਇਕ ਸੰਗੀਤਕਾਰ ਦੀ ਹੀ ਹੋ ਸਕਦੀ ਸੀ। ਗੁਰੂ ਦੀ ਨੇ ਆਪਣੀ ਬਾਣੀ ਵਿਚੋਂ ਗਾਇਨ ਦੇ ਸੰਕੇਤ ਵੱਲੋਂ ਮਨੁੱਖ ਨੂੰ ਇਸ ਸੰਗੀਤਕ ਨਾਦ ਰਾਹੀ ਅਧਿਆਤਮਕਤਾ ਦੇ ਵਿਚਾਰ ਨੂੰ ਗਾਉਣ ਲਈ ਪ੍ਰੇਰਿਆ ਹੈ।

"ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰ ॥ "[7]

ਏਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤਕਾਰ ਵਜੋ਼ ਆਪਣੀਆਂ ਰਚਨਾਵਾਂ ਨੂੰ ਸੰਗੀਤਕ ਰਾਗਧਾਰਾ ਵਿਚ ਪਰੋ ਕੇ ਆਪਣੇ ਗਿਆਨ ਰਾਹੀ ਸਮੁੱਚੀ ਲੁਕਾਈ ਨੂੰ ਸੰਗੀਤਕ ਵਾਗਿਯਕਾਰ ਦਾ ਸਬੂਤ ਦਿੱਤਾ ਹੈ।

ਹਵਾਲੇ ਤੇ ਟਿੱਪਣੀਆਂ


1. ਹਰਬੰਸ ਸਿੰਘ ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ 281 (2) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗੁ ਬਸੰਤੁ ਮਹਲਾ ੧ ਘਰ ੧ ਚਉਪਦੇ ਦੁਤੁਕੇ ਅੰਗ-1168 (3) ਉਹੀ ਵਾਰ ਮਲਾਰ ਮਹਲਾ 1, ਸਲੋਕ ਮਹਲਾ 3, ਅੰਗ-1283 (4) ਡਾ: ਡੀ.ਐਸ. ਨਰੂਲਾ, ਸੰਗੀਤ ਸਮੀਖਿਆ, ਪੰਨਾ 86-87 ॥
5. ਉਹੀ,ਪੰਨਾ 88-89 (6) ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮਹਲਾ ੧ ਘਰ 3, ਅੰਗ - 599 (7) ਉਹੀ ਜਪੁਜੀ ਸਾਹਿਬ-ਅੰਗ-1



ਸੰਗੀਤ ਵਿਭਾਗ, ਖਾਲਸਾ ਕਾਲਜ ਗੜਦੀਵਾਲਾ Email:gurpindersinghgurraj@yahoo.com
Phone No. 94648 -16707



**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਉੱਤਰ ਭਾਰਤ ਵਿੱਚ ਫਯੂਜ਼ਨ ਸੰਗੀਤ

## ਪ੍ਰੋ. ਹੇਮੰਤ ਕਪੀਲ

ਇਹ ਸਿਰਲੇਖ ਪੜ੍ਹ ਕੇ ਲੋਕਾਂ ਨੂੰ ਹੈਰਾਨੀ ਹੋਵੇਗੀ, ਪਰ ਪੱਛਮ ਦੇ ਪ੍ਰਭਾਵ ਨਾਲ ਵਰਤਮਾਨ ਦੌਰ ਵਿੱਚ ਫਯੂਜ਼ਨ ਸੰਗੀਤ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਬਹੁਤੇ ਸੰਗੀਤਕਾਰ ਅਤੇ ਕਲਾਕਾਰ ਭਾਰਤ ਦੇ ਸੰਗੀਤ ਦੇ ਸਰੂਪ ਵਿੱਚ ਫੇਰ ਬਦਲ ਕਰਕੇ ਨਵੇਂ-ਨਵੇਂ ਪ੍ਰਯੋਗਾਂ ਨਾਲ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਨੇ। ਕਲਾ ਦਾ ਇਹ ਪ੍ਰਯੋਗ ਜਿੱਥੇ ਨੌਜਵਾਨ ਵਰਗ ਨੂੰ ਆਕਰਸ਼ਿਤ ਕਰ ਰਿਹਾ ਹੈ, ਉੱਥੇ ਹੀ ਭਾਰਤ ਦੇ ਸੰਗੀਤ ਵਿੱਚ ਹੋ ਰਹੀ ਦਖਲਅੰਦਾਜੀ ਜਾਂ ਖਿਲਵਾੜ ਨਾਲ ਭਾਰਤ ਦੇ ਸੰਗੀਤ ਨੂੰ ਸਮਰਪਿਤ ਕਲਾਕਾਰਾਂ 'ਚ ਵੀ ਖਾਸੀ ਨਾਰਾਜ਼ਗੀ ਹੈ। ਉਨ੍ਹਾਂ ਨੂੰ ਤਾਂ ਫਯੂਜ਼ਨ ਸ਼ਬਦ ਨਾਲ ਹੀ ਨਫ਼ਰਤ ਹੈ। ਰਚਨਾ ਅਤੇ ਸਿਰਜਨਾ ਦੀ ਦ੍ਰਿਸ਼ਟੀ ਨਾਲ ਫਯੂਜ਼ਨ ਦਾ ਪ੍ਰਯੋਗ ਸਹੀ ਸਮਝ ਆਉਂਦਾ ਹੈ, ਪਰੰਤੂ ਇਹ ਭਾਰਤ ਦੇ ਸੰਗੀਤ ਨੂੰ ਕਿੰਨਾਂ ਨੁਕਸਾਨ ਪਹੁੰਚਾਏਗਾ ਇਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਅੱਜ ਦਾ ਨੌਜਵਾਨ ਭਾਰਤ ਦੇ ਸ਼ਾਸਤਰੀ ਸੰਗੀਤ ਨੂੰ ਚੰਗੀ ਤਰ੍ਹਾਂ ਸਿੱਖਦੇ-ਸਮਝਦੇ ਹੀ ਨਹੀਂ ਤੇ ਫਯੂਜ਼ਨ ਦੇ ਬਹਕਾਵੇ ਵਿਚ ਆ ਜਾਂਦੇ ਨੇ। ਇਸ ਤਰ੍ਹਾਂ ਭਾਰਤ ਦੇ ਸੰਗੀਤ ਦੇ ਮੂਲ ਸਰੂਪ ਨੂੰ ਸਿੱਖੇ-ਸਮਝੇ ਬਿਨ੍ਹਾਂ ਫਯੂਜ਼ਨ ਸੰਗੀਤ ਨੂੰ ਸਵੀਕਾਰ ਕਰਨਾ ਕਿੱਥੇ ਤੱਕ ਉਚਿਤ ਹੋਵੇਗਾ? ਫਯੂਜ਼ਨ ਸੰਗੀਤ ਨੂੰ ਲੈ ਕੇ ਕੀ ਕਨਫਿਯੂਜ਼ਨ ਹੈ।

ਸੰਗੀਤ ਤਾਂ ਹਰ ਸੰਸਕ੍ਰਿਤੀ ਦਾ ਅਹਿਮ ਹਿੱਸਾ ਹੈ। ਸਵਰ ਅਤੇ ਲੈਅ ਦੇ ਆਧਾਰ ਨੂੰ ਸੰਗੀਤ ਕਿਹਾ ਜਾਂਦਾ ਹੈ। ਹਰ ਦੇਸ਼-ਪ੍ਰਾਂਤ ਦੀ ਆਪਣੀ-ਆਪਣੀ ਸੰਸਕ੍ਰਿਤੀ ਹੁੰਦੀ ਹੈ। ਜਦਕਿ ਦੋ ਜਾਂ ਦੋ ਨਾਲੋਂ ਵੱਧ ਸੰਸਕ੍ਰਿਤੀਆਂ ਮਿਲਦੀਆਂ ਹਨ ਤਾਂ ਫਯੂਜ਼ਨ ਸੰਗੀਤ ਬਣਦਾ ਹੈ। ਵਰਤਮਾਨ ਦੌਰ ਵਿੱਚ ਭਾਰਤੀ ਸੰਗੀਤ (ਮੈਲੋਡੀ) ਅਤੇ ਪੱਛਮ ਸੰਗੀਤ (ਹਾਰਮਨੀ) ਦੋਨੋਂ ਸੰਸਕ੍ਰਿਤੀਆਂ ਨੂੰ ਆਪਸ ਵਿੱਚ ਮਿਲਾਕੇ ਫਯੂਜ਼ਨ ਸੰਗੀਤ ਬਣਾਇਆ ਜਾਂਦਾ ਹੈ।

ਕੁਝ ਲੋਕ ਮੰਨਦੇ ਹਨ ਕੇ ਇਸ ਮਿਸ਼ਰਣ ਨਾਲ ਭਾਰਤੀ ਸ਼ਾਸਤਰੀ ਸੰਗੀਤ ਦਾ ਨੁਕਸਾਨ ਹੋ ਰਿਹਾ ਹੈ ਪਰ ਸਾਡੇ ਸੰਗੀਤ ਦੀਆਂ ਜੜ੍ਹਾਂ ਇੰਨੀਆਂ ਮਜ਼ਬੂਤ ਹਨ ਕਿ ਇਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ, ਜੇਕਰ ਅਸੀਂ ਸੰਗੀਤ ਦੇ ਇਤਿਹਾਸ ਵੱਲ ਝਾਤੀ ਮਾਰਿਏ ਤਾਂ ਇਹ ਸਾਫ਼ ਹੋ ਜਾਵੇਗਾ ਕਿ ਸਾਡਾ ਅੱਜ ਦਾ ਉੱਤਰ ਭਾਰਤੀਯ ਸ਼ਾਸਤਰੀ ਸੰਗੀਤ ਵੀ ਫਯੂਜ਼ਨ ਸੰਗੀਤ ਹੈ। ਸਾਡੇ ਅੱਜ ਦੇ ਸੰਗੀਤਕਾਰ ਸ਼ਾਸਤਰੀ ਭਾਵੇਂ ਇਹ ਗੱਲ ਨਾ ਮਨੰਣ, ਪਰ ਇਹੀ ਸੱਚ ਹੈ। ਮੁਗਲਾਂ ਦੇ ਆਣ ਤੋਂ ਬਾਦ 13ਵੀਂ ਸ਼ਤਾਬਦੀ ਤੋਂ 14ਵੀਂ ਸਤਾਬਦੀ ਦੇ ਵਿੱਚ ਭਾਰਤੀਯ ਸੰਗੀਤ ਮੁਗਲ ਸੰਸਕ੍ਰਿਤੀ ਨਾਲ ਪ੍ਰਭਾਵਿਤ ਹੋਕੇ ਦੋ ਧਾਰਾਵਾਂ ਵਿੱਚ ਵੰਡੇ ਗਏ। ਇੱਕ-ਉੱਤਰ ਭਾਰਤ ਦਾ ਸੰਗੀਤ ਅਤੇ ਦੂਜਾ ਕਰਨਾਟਕ ਜਾਂ ਦੱਖਣ ਭਾਰਤ ਦਾ ਸੰਗੀਤ।

ਅੱਜ ਦਾ ਉੱਤਰ ਭਾਰਤੀਯ ਸੰਗੀਤ ਮੁਗਲਾਂ ਦੀ ਸੰਸਕ੍ਰਿਤੀ ਨਾਲ ਪ੍ਰਭਾਵਿਤ ਸੰਗੀਤ ਹੀ ਤਾਂ ਹੈ। ਹਿੰਦੁਸਤਾਨੀ ਸੰਗੀਤ ਦਾ ਮੂਲ ਸਰੂਪ ਦਾ ਉਸੇ ਸਮੇਂ ਨਸ਼ਟ ਹੋ ਗਿਆ ਸੀ। ਛੋਟਾ ਖਿਆਲ, ਬੜਾ ਖਿਆਲ, ਰਜ਼ਾਖਾਨੀ ਅਤੇ ਮਸੀਤਖਾਨੀ ਰਾਤ ਆਦਿ ਮੁਗਲਾਂ ਦੀ ਸੰਸਕ੍ਰਿਤੀ ਤੋਂ ਪ੍ਰਭਾਵਿਤ ਸੰਗੀਤ ਹੀ ਤਾਂ ਹੈ।

ਇਹ ਗੱਲ ਵੱਖਰੀ ਹੈ ਕਿ ਮੁਗਲਾਂ ਦੇ ਸੰਗੀਤ ਕੋਲੋਂ ਅਸੀਂ ਬਹੁਤ ਕੁੱਝ ਨਵਾਂ ਸਿੱਖਿਆ ਹੈ, ਪਰ ਹਿੰਦੁਸਤਾਨੀ ਸੰਗੀਤ ਦਾ ਮੂਲ ਸਰੂਪ ਤਾਂ ਖਤਮ ਹੋ ਹੀ ਗਿਆ ਹੈ। ਪੰਡਿਤ ਵਿਸ਼ਨੂੰ ਦਿਗੰਬਰ ਪਲੂਸਕਰ ਅਤੇ ਪੰਡਿਤ ਵਿਸ਼ਨੂ ਨਾਰਾਇਨ ਭਾਤਖੰਡੇ ਜੀ ਨੇ ਇਸ ਮਿਸ਼ਰਿਤ ਸੰਗੀਤ ਦਾ ਹੀ ਪ੍ਰਚਾਰ-ਪ੍ਰਸਾਰ ਉੱਤਰ ਭਾਰਤ ਦੇ ਸੰਗੀਤ ਦੇ ਰੂਪ ਵਿੱਚ ਕੀਤਾ। ਸੰਗੀਤ ਵਿੱਚ ਸਮੇਂ-ਸਮੇਂ ਨਾਲ ਪਰਿਵਰਤਨ ਹੁੰਦਾ ਗਿਆ।

ਭਾਰਤੀ ਸ਼ਾਸਤਰੀ ਸੰਗੀਤ ਦੀ ਵਿਕਾਸ ਯਾਤਰਾ ਉੱਤੇ ਸਦੈਵ ਹੀ ਵਿਦੇਸ਼ੀ ਸੰਸਕ੍ਰਿਤੀ ਦਾ ਪ੍ਰਚਾਰ ਹੁੰਦਾ ਰਿਹਾ ਹੈ। ਵੈਦਿਕ ਕਾਲ ਦੇ ਸੰਗੀਤ ਨੂੰ ਦੁਬਾਰਾ ਜਿਉਂਦਾ ਤੇ ਨਹੀਂ ਕਰ ਸਕਦਾ ਪਰ ਵਿਰਾਸਤ ਵਿੱਚ ਮਿਲੇ ਸੰਗੀਤ ਦੀ ਰਖਿਆ ਤਾਂ ਕਰ ਹੀ ਸਕਦੇ ਹਾਂ। ਅੱਜ ਦੇ ਦੌਰ ਵਿੱਚ ਪੱਛਮ ਦਾ ਪ੍ਰਭਾਵ ਸਾਡੇ ਸੰਗੀਤ ਤੇ ਵੇਖਿਆ ਜਾ ਰਹਿਆ ਹੈ ਅਤੇ ਇਸਦਾ ਪ੍ਰਯੋਗ ਫਯੂਜ਼ਨ ਸੰਗੀਤ ਦੇ ਨਾਮ ਤੇ ਕੀਤਾ ਜਾ ਰਿਹਾ ਹੈ। ਜੋ ਸਾਡੇ ਉੱਤਰ ਭਾਰਤ ਦੇ ਸੰਗੀਤ ਨੂੰ ਆਪਣਾ ਭਾਰਤੀ ਸੰਗੀਤ ਸਮਝਣ ਲਗੇਗੀ।

ਐਸ.ਏ. ਜੈਨ ਕਾਲਜ, ਅੰਬਾਲਾ ਸ਼ਹਿਰ (ਹਰਿਆਣਾ), ਮੋ. 94667-19825

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਾ. ਗੁਰਨਾਮ ਸਿੰਘ ਨੂੰ ਸ਼੍ਰੋਮਣੀ ਰਾਗੀ ਅਵਾਰਡ

11 ਅਕਤੂਬਰ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਸਾਲ (2010) ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼–ਪੁਰਬ ਮੌਕੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਖੇਤਰ 'ਚ ਅਹਿਮ ਯੋਗਦਾਨ ਪਾਉਣ ਵਾਲੀ ਕਿਸੇ ਸ਼ਖ਼ਸ਼ੀਅਤ ਨੂੰ ਸਨਮਾਨਤ ਕੀਤੇ ਜਾਣ ਲਈ ਕੀਤੇ ਫੈਸਲੇ ਅਨੁਸਾਰ ਇਸ ਸਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼-ਪੁਰਬ ਨੂੰ ਸਮਰਪਿਤ ਸਥਾਨਕ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਜੇ ਦੀਵਾਨ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 'ਗੁਰਮਤਿ ਸੰਗੀਤ ਚੇਅਰ–ਗੁਰਮਤਿ ਸੰਗੀਤ ਵਿਭਾਗ' ਦੇ ਬਾਨੀ ਪ੍ਰੋਫੈਸਰ ਤੇ ਮੁਖੀ ਡਾ. ਗੁਰਨਾਮ ਸਿੰਘ ਨੂੰ ਨਕਦ ਰਾਸ਼ੀ, ਯਾਦਗਾਰੀ ਚਿੰਨ੍ਹ ਤੇ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੇ ਕਿਹਾ ਕਿ ਗੁਰਮਤਿ ਸੰਗੀਤ ਦੀ ਪੁਨਰ ਸੁਰਜੀਤੀ ਵਿਚ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਦਾ ਪ੍ਰਮੁਖ ਯੋਗਦਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ 31 ਮੁੱਖ ਰਾਗਾਂ ਤੇ 31 ਰਾਗ ਪ੍ਰਕਾਰਾਂ ਦੇ ਗਾਇਨ ਦੀ ਮੁਕੰਮਲ ਰਿਕਾਰਡਿੰਗ ਅਤੇ ਇਸ ਕਾਰਜ ਨੂੰ ਮਿਊਜਿਕ ਨੋਟੇਸ਼ਨਜ਼ ਦੇ ਰੂਪ ਵਿਚ ਸੰਕਲਤ ਕਰਨ ਦਾ ਮਾਣ ਵੀ ਡਾ. ਗੁਰਨਾਮ ਸਿੰਘ ਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਖੇ 'ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ' ਦੇ ਬਾਨੀ ਪ੍ਰੋਫੈਸਰ ਤੇ ਮੁਖੀ ਡਾ. ਗੁਰਨਾਮ ਸਿੰਘ ਨੇ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਪੱਧਰ 'ਤੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਵਿਸ਼ੇ ਵਜੋਂ ਲਾਗੂ ਕਰਨ ਲਈ ਵੱਡਾ ਯੋਗਦਾਨ ਪਾਇਆ ਹੈ। ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਬਤੌਰ ਪ੍ਰੋਫੈਸਰ ਗੁਰਮਤਿ ਸੰਗੀਤ ਦੇ ਅਧਿਆਪਨ ਤੋਂ ਇਲਾਵਾ ਆਪ ਨੇ ਸੰਗੀਤ ਦੇ ਖੇਤਰ ਵਿਚ 14 ਪੁਸਤਕਾਂ, 75 ਖੋਜ ਪੱਤਰ, 47 ਸੰਪਾਦਤ ਪੁਸਤਕਾਂ ਤੋਂ ਇਲਾਵਾ ਵੀਡਿਓ ਲੈਕਚਰ, ਆਡਿਓ ਕੈਸਟਾਂ ਆਦਿ ਵੀ ਰਿਕਾਰਡ ਕਰਵਾਈਆਂ ਹਨ। ਵਿਸ਼ਵ ਭਰ ਵਿਚ ਵੱਖ–ਵੱਖ ਸੰਸਥਾਵਾਂ ਵਲੋਂ ਮਿਲੇ ਸਨਮਾਨਾਂ ਤੋਂ ਇਲਾਵਾ ਡਾ. ਗੁਰਨਾਮ ਸਿੰਘ ਨੂੰ ਪੰਜਾਬ ਸਰਕਾਰ ਦੁਆਰਾ 2001 ਵਿਚ 'ਸ਼੍ਰੋਮਣੀ ਰਾਗੀ' ਅਤੇ 2010 ਵਿਚ ਸਟੇਟ ਐਵਾਰਡ ਨਾਲ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਇਥੇ ਹੀ ਬੱਸ ਨਹੀਂ ਡਾ. ਗੁਰਨਾਮ ਸਿੰਘ ਜੀ ਪਾਸੋਂ ਵੱਡੀ ਗਿਣਤੀ 'ਚ ਵਿਦਿਆ ਪ੍ਰਾਪਤ ਕਰ ਚੁੱਕੇ ਵਿਦਿਆਰਥੀ ਸੰਗੀਤ ਤੇ ਗੁਰਮਤਿ ਸੰਗੀਤ ਦੇ ਪ੍ਰੋਫੈਸਰਾਂ ਵਜੋਂ ਵੱਖ–ਵੱਖ ਸੰਸਥਾਵਾਂ ਤੇ ਸੇਵਾ ਨਿਭਾ ਕੇ ਆਪਣੇ ਜੀਵਨ ਨਿਰਬਾਹ ਦੇ ਨਾਲ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਦੀ ਨਿਗਰਾਨੀ ਵਿਚ 13 ਖੋਜਾਰਥੀ ਪੀ–ਐਚ.ਡੀ. ਕਰ ਚੁਕੇ ਹਨ ਅਤੇ 8 ਖੋਜਾਰਥੀ ਪੀ–ਐਚ.ਡੀ. ਕਰ ਰਹੇ ਹਨ। ਉਨ੍ਹਾਂ ਨੇ ਸਮੇਂ ਦੇ ਹਾਣੀ ਬਣਦਿਆਂ ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਸੰਤ ਸੁੱਚਾ ਸਿੰਘ ਆਰਕਾਈਵਜ਼ ਆਫ ਮਿਊਜ਼ਿਕ, ਭਾਈ ਰਣਧੀਰ ਸਿੰਘ ਆਨ–ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਅਤੇ ਗੁਰਮਤਿ ਸੰਗੀਤ ਭਵਨ ਦੀ ਸਥਾਪਨਾ ਕਰਵਾਉਣ ਦਾ ਸ਼ਾਨਦਾਰ ਉਪਰਾਲਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਹਿਯੋਗ ਕਰਦਿਆਂ ਤੰਤੀ ਸਾਜ਼ਾਂ ਦੀ ਪੁਨਰ ਸੁਰਜੀਤੀ ਵਿਚ ਆਪ ਦੀ ਮੂਹਰੀ ਭੂਮਿਕਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਡਾ. ਗੁਰਨਾਮ ਸਿੰਘ ਜੀ ਨੂੰ ਗੁਰਮਤਿ ਸੰਗੀਤ ਤੇ ਸ਼ਬਦ ਕੀਰਤਨ ਦੇ ਖੇਤਰ 'ਚ ਪਾਏ ਵਿਸ਼ੇਸ਼ ਯੋਗਦਾਨ ਸਦਕਾ ਸਨਮਾਨ ਕਰਦਿਆਂ ਮਾਣ ਮਹਿਸੂਸ ਕਰਦੀ ਹੈ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਮੱਲ੍ਹ ਸਿੰਘ, ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਰਾਜਿੰਦਰ ਸਿੰਘ ਮਹਿਤਾ, ਸ. ਗੁਰਿੰਦਰਪਾਲ ਸਿੰਘ ਗੋਰਾ (ਕਾਦੀਆਂ) ਭਾਈ ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਐਡੀ. ਸਕੱਤਰ ਸ. ਮਨਜੀਤ ਸਿੰਘ ਤੇ ਸ. ਦਲਜੀਤ ਸਿੰਘ ਬੇਦੀ, ਮੀਤ ਸਕੱਤਰ ਸ. ਸੁਖਦੇਵ ਸਿੰਘ ਭੂਰਾ, ਡਾਇਰੈਕਟਰ ਸ. ਰੂਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਹਰਬੰਸ ਸਿੰਘ ਮੱਲ੍ਹੀ, ਐਡੀ. ਮੈਨੇਜਰ ਸ. ਸੁਖਦੇਵ ਸਿੰਘ ਤੇ ਸ. ਬਲਦੇਵ ਸਿੰਘ, ਮੀਤ ਮੈਨੇਜਰ ਸ. ਮੰਗਲ ਸਿੰਘ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤਾਂ ਮੌਜੂਦ ਸਨ। ਇਸ ਮੌਕੇ ਡਾ. ਗੁਰਨਾਮ ਸਿੰਘ ਨੇ ਸ਼੍ਰੋਮਣੀ ਕਮੇਟੀ ਤੋਂ ਮਿਲੇ ਮਾਣ–ਸਨਮਾਨ ਲਈ ਧੰਨਵਾਦ ਕਰਨ ਉਪਰੰਤ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

# ਪ੍ਰੈੱਸ ਨੋਟ-ਗੁਰਮਤਿ ਸੰਗੀਤ ਉਤਸਵ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਾਰ ਲਈ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਹਰ ਵਰ੍ਹੇ ਗੁਰਮਤਿ ਸੰਗੀਤ ਸਮਾਗਮ ਅਤੇ ਗੁਰਮਤਿ ਸੰਗੀਤ ਪ੍ਰਤਿਯੋਗਤਾ ਆਯੋਜਿਤ ਕੀਤੀ ਜਾਂਦੀ ਹੈ। ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਚੇਅਰ -ਗੁਰਮਤਿ ਸੰਗੀਤ ਵਿਭਾਗ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਅੱਠਵਾਂ ਗੁਰਮਤਿ ਸੰਗੀਤ ਉਤਸਵ ਆਯੋਜਿਤ ਕੀਤਾ ਗਿਆ।

ਗੁਰਮਤਿ ਸੰਗੀਤ ਦਾ ਇਹ ਵਿਸ਼ਾਲ ਸਮਾਗਮ ਬੇਬੇ ਨਾਨਕੀ ਸੰਗੀਤ ਪਾਰਕ ਵਿਚ ਕਰਵਾਇਆ ਗਿਆ ਜਿਸ ਵਿਚ ਪ੍ਰਮੁੱਖ ਕੀਰਤਨੀਆਂ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ), ਭਾਈ ਰਵਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ), ਭਾਈ ਬਲਬੀਰ ਸਿੰਘ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ), ਭਾਈ ਅਮਰੀਕ ਸਿੰਘ ਜ਼ਖ਼ਮੀ (ਜਲੰਧਰ), ਭਾਈ ਕੁਲਤਾਰ ਸਿੰਘ (ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਦਿੱਲੀ), ਭਾਈ ਇੰਦਰਜੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ), ਡਾ. ਜਾਗੀਰ ਸਿੰਘ (ਚੰਡੀਗੜ੍ਹ), ਬੀਬੀ ਜਸਵਿੰਦਰ ਕੌਰ (ਦਿੱਲੀ), ਬੀਬੀ ਪ੍ਰਭਜੋਤ ਕੌਰ (ਬਟਾਲਾ), ਭਾਈ ਕੰਵਰਪਾਲ ਸਿੰਘ (ਦੇਹਰਾਦੂਨ), ਮਾਤਾ ਵਿਪਨਪ੍ਰੀਤ ਕੌਰ (ਲੁਧਿਆਣਾ) ਨੇ ਆਪਣੀਆਂ ਵਿਸ਼ੇਸ਼ ਪ੍ਰਸਤੁਤੀਆਂ ਦਿੱਤੀਆਂ। ਇਸ ਦੇ ਨਾਲ ਗੁਰਮਤਿ ਸੰਗੀਤ ਪ੍ਰਤਿਯੋਗਤਾ 2011 ਦੇ ਜੇਤੂਵਿਦਿਆਰਥੀਆਂ ਸਮੇਤ ਭਾਈ ਜਸਪਾਲ ਸਿੰਘ ਦੀ ਅਗਵਾਈ ਵਿਚ ਯੂਨੀਵਰਸਿਟੀ ਸਕੂਲ ਦੇ ਵਿਦਿਆਰਥੀਆਂ ਅਤੇ ਪ੍ਰੋ. ਅਮਨਦੀਪ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਵੀ ਸਮਾਗਮ ਵਿਚ ਪੇਸ਼ਕਾਰੀਆਂ ਦਿੱਤੀਆਂ।

ਇਸ ਅਵਸਰ ਤੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਵਿਭਿੰਨ ਗੁਰਮਤਿ ਘਰਾਣਿਆਂ ਦੀ ਪੁਨਰ ਸੁਰਜੀਤੀ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਵਿਸ਼ੇਸ਼ ਭੂਮਿਕਾ ਨਿਭਾ ਰਹੀ ਹੈ ਅਤੇ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਗੁਰਮਤਿ ਸੰਗੀਤ ਦੇ ਵਿਕਾਸ ਲਈ ਪੂਰੀ ਲਗਨ ਨਾਲ ਕਾਰਜਸ਼ੀਲ ਹੈ। ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਡਾ. ਗੁਰਨਾਮ ਸਿੰਘ ਨੇ ਸਮਾਗਮ ਦੌਰਾਨ ਗੁਰਮਤਿ ਸੰਗੀਤ ਪ੍ਰਤੀਯੋਗਤਾ 2011 ਦੇ ਜੇਤੂਵਿਦਿਆਰਥੀਆਂ ਨੂੰ ਨਕਦ ਇਨਾਮ, ਤਮਗੇ ਅਤੇ ਸਰਟੀਫਿਕੇਟ ਦਿੱਤੇ। ਜੇਤੂਆਂ ਨੂੰ ਸੰਤ ਸੁਜਾਨ ਸਿੰਘ, ਪ੍ਰੋ. ਤਾਰਾ ਸਿੰਘ, ਭਾਈ ਉਤਮ ਸਿੰਘ ਅਤੇ ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਯਾਦਗਾਰੀ ਐਵਾਰਡਾਂ ਨਾਲ ਵੀ ਸਨਮਾਨਿਤ ਕੀਤਾ।

ਫ਼ੈਕਲਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੋਂ ਇਲਾਵਾ ਐਡਵੋਕੇਟ ਸਤਬੀਰ ਸਿੰਘ ਖਟੜਾ, ਸ. ਸਵਿੰਦਰ ਸਿੰਘ ਸਭਰਵਾਲ (ਮੈਂਬਰ ਐਸ.ਜੀ.ਪੀ.ਸੀ.), ਮਾਤਾ ਵਿਪਨਪ੍ਰੀਤ ਕੌਰ (ਚੇਅਰਪਰਸਨ ਬਾਬਾ ਕੁੰਦਨ ਸਿੰਘ ਜੀ ਭਲਾਈ ਕੇਂਦਰ ਲੁਧਿਆਣਾ) ਅਤੇ ਹੋਰ ਸ਼ਖ਼ਸੀਅਤਾਂ ਨੇ ਸਮਾਗਮ ਵਿਚ ਹਾਜ਼ਰੀ ਭਰੀ।

ਗੁਰਮਤਿ ਸੰਗੀਤ ਸਮਾਗਮ ਦੇ ਨਾਲ ਸਮੂਹ ਸ਼ਬਦ ਗਾਇਨ, ਤੰਤੀ ਸਾਜ਼ ਵਾਦਨ, ਤਾਲ ਸਾਜ਼ ਵਾਦਨ ਅਤੇ ਵਿਅਕਤੀਗਤ ਸ਼ਬਦ ਗਾਇਨ ਦੇ ਸੀਨੀਅਰ ਅਤੇ ਜੂਨੀਅਰ ਵਰਗਾਂ ਵਿਚ ਗੁਰਮਤਿ ਸੰਗੀਤ ਪ੍ਰਤੀਯੋਗਿਤਾ ਵੀ ਆਯੋਜਿਤ ਕੀਤੀ ਗਈ।

ਇਨ੍ਹਾਂ ਮੁਕਾਬਲਿਆਂ ਵਿਚ ਸੀਨੀਅਰ ਗਰੁੱਪ ਸ਼ਬਦ ਗਾਇਨ ਵਿਚ ਪਹਿਲਾ ਸਥਾਨ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜਾ ਸਥਾਨ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ, ਅਤੇ ਤੀਜਾ ਸਥਾਨ ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ ਨੂੰ ਪ੍ਰਾਪਤ ਹੋਇਆ। ਇਸੇ ਤਰ੍ਹਾਂ ਜੂਨੀਅਰ ਸ਼ਬਦ ਗਾਇਨ ਵਿਚ ਪਹਿਲਾ ਸਥਾਨ ਗੁਰੂਗੋਬਿੰਦ ਸਿੰਘ ਪਬਲਿਕ ਸਕੂਲ ਲੁਧਿਆਣਾ, ਦੂਸਰਾ ਸਥਾਨ ਐਸ.ਐਸ. ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਤੀਸਰਾ ਸਥਾਨ ਗੁਰੂਨਾਨਕ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਨੇ ਪ੍ਰਾਪਤ ਕੀਤਾ।

ਸੀਨੀਅਰ ਗਰੁੱਪ ਤੰਤੀ ਸਾਜ਼ ਵਾਦਨ ਵਿਚ ਪਹਿਲਾ ਸਥਾਨ ਗੁਰਪ੍ਰੀਤ ਸਿੰਘ, ਗੁਰੂਨਾਨਕ ਦੇਵ ਯੂਨੀਵਰਸਿਟੀ, ਸ੍ਰੀ

ਅੰਮ੍ਰਿਤਸਰ, ਦੂਜਾ ਸਥਾਨ ਇਸ਼ਰ ਸਿੰਘ, ਭੈਣੀ ਸਾਹਿਬ, ਲੁਧਿਆਣਾ ਅਤੇ ਤੀਜਾ ਸਥਾਨ ਕਰਮ ਸਿੰਘ, ਭੈਣੀ ਸਾਹਿਬ, ਲੁਧਿਆਣਾ ਨੇ ਪ੍ਰਾਪਤ ਕੀਤਾ। ਜੂਨੀਅਰ ਗਰੁੱਪ ਤੰਤੀ ਸਾਜ਼ ਵਾਦਨ ਵਿਚ ਪਹਿਲਾ ਸਥਾਨ ਸੁਰਪ੍ਰਿਯ, ਸੰਗੀਤ ਵਿਲਾਸ, ਜਲੰਧਰ ਨੇ ਪ੍ਰਾਪਤ ਕੀਤਾ।

ਸੀਨੀਅਰ ਗਰੁੱਪ ਤਾਲ ਸਾਜ਼ ਵਾਦਨ ਵਿਚ ਪਹਿਲਾ ਸਥਾਨ ਸਰਨਜੀਤ ਸਿੰਘ, ਕਪੂਰਥਲਾ, ਦੂਜਾ ਸਥਾਨ ਗੁਰਚੇਤਨ ਸਿੰਘ, ਡਾਂਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਤੀਜਾ ਸਥਾਨ ਸਿਮਰਨਜੀਤ ਸਿੰਘ, ਤਰਨਤਾਰਨ ਨੇ ਪ੍ਰਾਪਤ ਕੀਤਾ ਅਤੇ ਜੂਨੀਅਰ ਤਾਲ ਸਾਜ਼ ਵਾਦਨ ਵਿਚ ਪਹਿਲਾ ਸਥਾਨ ਮੋਹਨਦੀਪ ਬਾਵਰਾ, ਜਲੰਧਰ, ਦੂਜਾ ਸਥਾਨ ਹਰਮੀਤ ਸਿੰਘ, ਫਿਰੋਜ਼ਪੁਰ, ਅਤੇ ਹਰਜੋਤ ਸਿੰਘ, ਹੁਸ਼ਿਆਰਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਸੀਨੀਅਰ ਵਿਅਕਤੀਗਤ ਸ਼ਬਦ ਗਾਇਨ ਵਿਚ ਪਹਿਲਾ ਸਥਾਨ ਮਨਪ੍ਰੀਤ ਸਿੰਘ ਫਤਹਿਗੜ੍ਹ ਸਾਹਿਬ, ਦੂਜਾ ਸਥਾਨ ਇੰਦਰਜੀਤ ਸਿੰਘ ਰੋਪੜ ਅਤੇ ਤੀਜਾ ਸਥਾਨ ਜਸਮੀਤ ਕੌਰ ਮਾਨ ਨੇ ਪ੍ਰਾਪਤ ਕੀਤਾ। ਜੂਨੀਅਰ ਵਿਅਕਤੀਗਤ ਸ਼ਬਦ ਗਾਇਨ ਵਿਚ ਪਹਿਲਾ ਸਥਾਨ ਭੁਪਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜਾ ਸਥਾਨ ਸਿਮਰਨਜੀਤ ਕੌਰ ਗੁਰਦਾਸਪੁਰ ਅਤੇ ਸਾਹਿਜ਼ਪ੍ਰੀਤ ਕੌਰ ਗੁਰਦਾਸਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਨ੍ਹਾਂ ਮੁਕਾਬਲਿਆਂ ਵਾਸਤੇ ਨਿਰਣਾਇਕਾਂ ਦੀ ਸੇਵਾ ਡਾ. ਭਗਵੰਤ ਕੌਰ, ਡਾ. ਮਲਕਿੰਦਰ ਕੌਰ, ਡਾ. ਹਰਜਸ ਕੌਰ, ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ, ਡਾ. ਜਾਗੀਰ ਸਿੰਘ, ਬੀਬੀ ਜਸਵਿੰਦਰ ਕੌਰ, ਡਾ. ਨਵਜੋਤ ਕੌਰ ਕਸੇਲ, ਡਾ. ਪਰਮਜੀਤ ਸਿੰਘ, ਡਾ. ਜਸਬੀਰ ਕੌਰ, ਸ੍ਰੀ ਅਲੀ ਅਕਬਰ ਨੇ ਨਿਭਾਈ। ਸਮਾਗਮ ਵਿਚ ਪੰਜਾਬ ਦੇ ਵੱਖ ਵੱਖ ਖਿੱਤਿਆਂ ਤੋਂ ਵੱਖ-ਵੱਖ ਵਿਦਿਆਰਥੀਆਂ ਨੇ ਭਾਗ ਲਿਆ।

0 0 0 0

ਗੁਰਮਤਿ ਸੰਗੀਤ ਉਤਸਵ ਦੇ ਦੂਸਰੇ ਦਿਨ ਸੀਨੀਅਰ ਅਤੇ ਜੂਨੀਅਰ ਗਰੁਪਾਂ ਵਿਚ ਗੁਰਮਤਿ ਸੰਗੀਤ ਦੀਆ ਵੱਖੋ ਵੱਖਰੀਆਂ ਕੈਟਾਗਰੀਜ਼ ਦੇ ਮੁਕਾਬਲੇ ਹੋਏ। ਇਨ੍ਹਾਂ ਮੁਕਾਬਲਿਆਂ ਵਿਚ ਸੀਨੀਅਰ ਗਰੁੱਪ ਸ਼ਬਦ ਗਾਇਨ ਵਿਚ ਪਹਿਲਾ ਸਥਾਨ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜਾ ਸਥਾਨ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ, ਅਤੇ ਤੀਜਾ ਸਥਾਨ ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ ਨੂੰ ਪ੍ਰਾਪਤ ਹੋਇਆ। ਇਸੇ ਤਰ੍ਹਾਂ ਜੂਨੀਅਰ ਸ਼ਬਦ ਗਾਇਨ ਵਿਚ ਪਹਿਲਾ ਸਥਾਨ ਗੁਰੂਗੋਬਿੰਦ ਸਿੰਘ ਪਬਲਿਕ ਸਕੂਲ ਲੁਧਿਆਣਾ, ਦੂਸਰਾ ਸਥਾਨ ਐਸ.ਐਸ. ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਤੀਸਰਾ ਸਥਾਨ ਗੁਰੂਨਾਨਕ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਨੇ ਪ੍ਰਾਪਤ ਕੀਤਾ। ਸੀਨੀਅਰ ਗਰੁੱਪ ਤੰਤੀ ਸਾਜ਼ ਵਾਦਨ ਵਿਚ ਪਹਿਲਾ ਸਥਾਨ ਗੁਰਪ੍ਰੀਤ ਸਿੰਘ, ਗੁਰੂਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, ਦੂਜਾ ਸਥਾਨ ਇਸ਼ਰ ਸਿੰਘ, ਭੈਣੀ ਸਾਹਿਬ, ਲੁਧਿਆਣਾ ਅਤੇ ਤੀਜਾ ਸਥਾਨ ਕਰਮ ਸਿੰਘ, ਭੈਣੀ ਸਾਹਿਬ, ਲੁਧਿਆਣਾ ਨੇ ਪ੍ਰਾਪਤ ਕੀਤਾ। ਜੂਨੀਅਰ ਗਰੁੱਪ ਤੰਤੀ ਸਾਜ਼ ਵਾਦਨ ਵਿਚ ਪਹਿਲਾ ਸਥਾਨ ਸੁਰਪ੍ਰਿਯ, ਸੰਗੀਤ ਵਿਲਾਸ, ਜਲੰਧਰ ਨੇ ਪ੍ਰਾਪਤ ਕੀਤਾ। ਸੀਨੀਅਰ ਗਰੁੱਪ ਤਾਲ ਸਾਜ਼ ਵਾਦਨ ਵਿਚ ਪਹਿਲਾ ਸਥਾਨ ਸਰਨਜੀਤ ਸਿੰਘ, ਕਪੂਰਥਲਾ, ਦੂਜਾ ਸਥਾਨ ਗੁਰਚੇਤਨ ਸਿੰਘ, ਡਾਂਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਤੀਜਾ ਸਥਾਨ ਸਿਮਰਨਜੀਤ ਸਿੰਘ, ਤਰਨਤਾਰਨ ਨੇ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਵਾਸਤੇ ਨਿਰਣਾਇਕਾਂ ਦੀ ਸੇਵਾ ਡਾ. ਭਗਵੰਤ ਕੌਰ, ਡਾ. ਮਲਕਿੰਦਰ ਕੌਰ, ਡਾ. ਹਰਜਸ ਕੌਰ, ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ, ਡਾ. ਜਾਗੀਰ ਸਿੰਘ, ਬੀਬੀ ਜਸਵਿੰਦਰ ਕੌਰ, ਡਾ. ਨਵਜੋਤ ਕੌਰ ਕਸੇਲ, ਡਾ. ਪਰਮਜੀਤ ਸਿੰਘ, ਡਾ. ਜਸਬੀਰ ਕੌਰ, ਸ੍ਰੀ ਅਲੀ ਅਕਬਰ ਨੇ ਨਿਭਾਈ। ਸਮਾਗਮ ਵਿਚ ਪੰਜਾਬ ਦੇ ਵੱਖ ਵੱਖ ਖਿੱਤਿਆਂ ਵਿਚ ਵੱਖ-ਵੱਖ ਵਿਦਿਆਰਥੀਆਂ ਨੇ ਭਾਗ ਲਿਆ।

ਇਨ੍ਹਾਂ ਪਹਿਲੀਆਂ ਜੇਤੂ ਟੀਮਾਂ ਦੇ ਵਿਦਿਆਰਥੀਆਂ ਨੂੰ ਅੱਜ ਬੇਬੇ ਨਾਨਕੀ ਸੰਗੀਤ ਪਾਰਕ ਵਿਚ ਹੋਣ ਵਾਲੇ ਗੁਰਮਤਿ ਸੰਗੀਤ ਉਤਸਵ ਵਿਚ ਭਾਗ ਲੈਣ ਦਾ ਇਕ ਮੌਕਾ ਵੀ ਦਿੱਤਾ ਗਿਆ। ਗੁਰਮਤਿ ਸੰਗੀਤ ਸਮਾਗਮ ਵਿਚ ਕੀਰਤਨੀ ਜਥਿਆਂ ਨੇ ਰਾਗਮਈ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿਚ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਅਤੇ ਡਾ. ਗੁਰਨਾਮ ਸਿੰਘ, ਪ੍ਰੋਫ਼ੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਨੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮਾ, ਸੋਨੇ, ਚਾਂਦੀ, ਕਾਂਸੀ ਦੇ ਤਮਗਿਆਂ ਤੇ ਪ੍ਰਮਾਣ ਪਤਰਾਂ ਨਾਲ ਸਨਮਾਨਤ ਕੀਤਾ। ਇਸ ਅਵਸਰ ਤੇ ਇਸ ਪ੍ਰਤਿਯੋਗਤਾ ਦੇ ਜੇਤੂਆਂ ਨੂੰ ਸੰਤ ਸੁਜਾਨ ਸਿੰਘ, ਭਾਈ ਉਤਮ ਸਿੰਘ ਅਤੇ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਯਾਦਗਾਰੀ ਐਵਾਰਡਾਂ ਨਾਲ ਵੀ

ਸਨਮਾਨਿਤ ਕੀਤਾ ਗਿਆ।

0 0 0 0

ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਯੋਜਿਤ ਅੱਠਵੇਂ ਗੁਰਮਤਿ ਸੰਗੀਤ ਉਤਸਵ ਦੇ ਆਖਰੀ ਦਿਨ ਗੁਰਮਤਿ ਸੰਗੀਤ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ **ਗੁਰਮਤਿ ਸੰਗੀਤ : ਅਕਾਦਮਿਕ ਪਰਿਪੇਖ** ਵਿਸ਼ੇ ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕੀਤੀ। ਇਸ ਸਮਾਗਮ ਵਿਚ ਡਾ. ਐਸ.ਪੀ. ਸਿੰਘ, ਸਾਬਕਾ ਵਾਈਸ-ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਡਾ. ਗੁਰਨੇਕ ਸਿੰਘ, ਕਾਰਜਕਾਰੀ ਉਪ-ਕੁਲਪਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਮਾਗਮ ਦਾ ਉਦਘਾਟਨ ਕਰਦਿਆਂ ਵਾਈਸ-ਚਾਂਸਲਰ ਡਾ. ਐਸ.ਪੀ. ਸਿੰਘ ਨੇ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਦੀ ਇਤਿਹਾਸਕ ਉਪਲਬਧੀ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਦਿਆਂ ਇਸ ਵਿਸ਼ੇ ਨੂੰ ਗਲੋਬਲ ਪੱਧਰ ਉਤੇ ਪ੍ਰਚਾਰਨ ਲਈ ਵਿਗਿਆਨਕ ਪਹੁੰਚ ਅਪਨਾਉਣ ਦਾ ਸਦਾ ਦਿਤਾ ਅਤੇ ਸੈਮੀਨਾਰ ਵਿਚ ਹਾਜ਼ਰ ਸਮੂਹ ਵਿਦਵਾਨਾਂ ਨੂੰ ਗੁਰਮਤਿ ਸੰਗੀਤ ਦਾ ਦੂਸਰੀਆਂ ਸੰਗੀਤ ਪਰੰਪਰਾਵਾਂ ਨਾਲ ਤੁਲਨਾਤਮਕ ਅਧਿਐਨ ਕਰਨ ਲਈ ਪ੍ਰੇਰਨਾ ਦਿਤੀ। ਉਨ੍ਹਾਂ ਇਸ ਖੇਤਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਐਲਾਨ ਕੀਤਾ ਕਿ ਗੁਰਮਤਿ ਸੰਗੀਤ ਦੇ ਗਲੋਬਲ ਪੱਧਰ ਉਤੇ ਪ੍ਰਚਾਰ ਲਈ ਸਰਬਾਂਗੀ ਯਤਨ ਕੀਤੇ ਜਾਣਗੇ ਅਤੇ ਸੁਚੇਤ ਰੂਪ ਵਿਚ ਗੁਰਮਤਿ ਸੰਗੀਤ ਨੂੰ ਇਸ ਦੀਆਂ ਦੂਸਰੀਆਂ ਸਮਕਾਲੀ ਪਰੰਪਰਾਵਾਂ ਦੀ ਤੁਲਨਾ ਵਿਚ ਵਿਸਥਾਰ ਦਿਤਾ ਜਾਵੇਗਾ।

ਡਾ. ਗੁਰਨੇਕ ਸਿੰਘ ਨੇ ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ ਵਲੋਂ ਕੀਤੀਆਂ ਉਪਲਬਧੀਆਂ ਤੇ ਪ੍ਰਾਪਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਇਸ ਵਿਸ਼ੇ ਦੇ ਰੂਹਾਨੀਅਤ ਨੂੰ ਸੰਗੀਤ ਸਾਧਨਾ ਦੁਆਰਾ ਸਜੀਵ ਰੂਪ ਵਿਚ ਕਾਇਮ ਰਖਣ ਲਈ ਪ੍ਰੇਰਨਾ ਦਿਤੀ ਅਤੇ ਇਸੇ ਇਲਾਹੀ ਪ੍ਰਸੰਗ ਵਿਚ ਹੀ ਇਸ ਵਿਸ਼ੇ ਦਾ ਵਿਸ਼ਲੇਸ਼ਣ ਕਰਨ ਦੀ ਰਾਇ ਪ੍ਰਗਟ ਕੀਤੀ।

ਇਸ ਵਿਸ਼ੇ ਉਤੇ ਕੀ-ਨੋਟ ਅਡਰੈਸ ਪ੍ਰਗਟ ਕਰਦਿਆਂ ਡਾ. ਜਾਗੀਰ ਸਿੰਘ, ਸਾਬਕਾ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਵਿਭਾਗ ਨੇ ਗੁਰਮਤਿ ਸੰਗੀਤ ਦੀ ਅਕਾਦਮਿਕ ਪ੍ਰਾਪਤੀ ਦੇ ਕ੍ਰਮਵਾਰ ਇਤਿਹਾਸ ਨੂੰ ਆਪਣੇ ਭਾਸ਼ਣ ਵਿਚ ਵਿਸ਼ਲੇਸ਼ਿਤ ਕੀਤਾ ਅਤੇ ਉਨ੍ਹਾਂ ਇਸ ਵਿਸ਼ੇ ਦੇ ਅਕਾਦਮਿਕ ਇਤਿਹਾਸ ਨੂੰ ਪ੍ਰਕਾਸ਼ਤ ਕਰਵਾਉਣ ਦੀ ਜ਼ਿੰਮੇਵਾਰੀ ਲਈ।

ਸ਼੍ਰੋਮਣੀ ਕਵੀ ਅਤੇ ਵਿਦਵਾਨ ਪ੍ਰੋ. ਕੁਲਵੰਤ ਗਰੇਵਾਲ ਨੇ ਗੁਰਮਤਿ ਸੰਗੀਤ ਨੂੰ ਭਾਰਤੀ ਅਧਿਆਤਮ ਸੰਗੀਤ ਪਰੰਪਰਾ ਦੀ ਇਕ ਵਿਸ਼ਾਲ ਧਾਰਾ ਵਜੋਂ ਸਰੂਪਿਤ ਕੀਤਾ ਅਤੇ ਇਸ ਦੀ ਰਾਗ ਪਰੰਪਰਾ ਨੂੰ ਸਹੀ ਗੁਰਮਤਿ ਪਰਿਪੇਖ ਵਿਚ ਵਿਸ਼ਲੇਸ਼ਿਤ ਕਰਨ ਦਾ ਸੁਝਾਅ ਦਿਤਾ।

ਸੈਮੀਨਾਰ ਦੇ ਦੂਸਰੇ ਸੈਸ਼ਨ ਦੀ ਪ੍ਰਧਾਨਗੀ ਡਾ. ਅੰਮ੍ਰਿਤਪਾਲ ਕੌਰ, ਡਾਇਰੈਕਟਰ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਨੇ ਕੀਤੀ ਅਤੇ ਇਸ ਵਿਚ ਡਾ. ਜਸਬੀਰ ਕੌਰ ਨੇ **ਗੁਰਮਤਿ ਸੰਗੀਤ ਅਕਾਦਮਿਕ ਪਰਿਪੇਖ : ਟਕਸਾਲਾਂ ਦੇ ਸੰਦਰਭ ਵਿਚ**, ਡਾ. ਹਰਜਸ ਕੌਰ ਨੇ **ਗੁਰਮਤਿ ਸੰਗੀਤ ਅਕਾਦਮਿਕ ਪਰਿਪੇਖ : ਡਿਸਟੈਂਸ ਐਜੂਕੇਸ਼ਨ ਦੇ ਸੰਦਰਭ ਵਿਚ**, ਡਾ. ਵਰਿੰਦਰ ਕੌਰ ਨੇ **ਗੁਰਮਤਿ ਸੰਗੀਤ ਅਕਾਦਮਿਕ ਪਰਿਪੇਖ : ਕਾਲਜੀ ਸਿਖਿਆ ਦੇ ਸੰਦਰਭ ਵਿਚ** ਅਤੇ ਡਾ. ਕੰਵਲਜੀਤ ਸਿੰਘ ਨੇ **ਗੁਰਮਤਿ ਸੰਗੀਤ ਅਕਾਦਮਿਕ ਪਰਿਪੇਖ : ਪੰਜਾਬੀ ਯੂਨੀਵਰਸਿਟੀ ਦੇ ਸੰਦਰਭ ਵਿਚ** ਵਿਸ਼ਿਆਂ 'ਤੇ ਪੇਪਰ ਪੜ੍ਹੇ।

ਇਸ ਸਮਾਗਮ ਵਿਚ ਆਏ ਪਤਵੰਤਿਆਂ ਅਤੇ ਵਿਸ਼ੇਸ਼ ਸ਼ਖਸੀਅਤਾਂ ਤੋਂ ਇਲਾਵਾ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਲਈ ਪਾਏ ਯੋਗਦਾਨ ਹਿਤ ਡਾ. ਸਰਬਜਿੰਦਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਗੁਰਮਤਿ ਸੰਗੀਤ ਉਤਸਵ ਦੇ ਸਾਰੇ ਪ੍ਰਬੰਧਕੀ ਸਟਾਫ ਨੂੰ ਵਾਈਸ ਚਾਂਸਰ

# ਸੁਰ ਲਿਪੀ

**ਜਬਰਜੰਗ ਸਿੰਘ**

ਰਾਗ : ਮਲ੍ਹਾਰ
ਥਾਟ : ਕਾਫੀ
ਸੁਰ : ਗੁ ਕੋਮਲ, ਦੋਨੋਂ ਨਿਸ਼ਾਦ (ਨੀ ਅਤੇ ਨੁੀ) ਬਾਕੀ ਸ਼ੁੱਧ
ਵਰਜਿਤ ਸੁਰ : ਅਵਰੋਹ ਵਿੱਚ ਧੈਵਤ (ਧ)
ਆਰੋਹ : ਸ ਮ ਰੇ S ਪ, ਮਗੁ S ਗੁ ਮ ਰੇ ਸ, ਮ ਰੇ ਪ, ਨੁੀ S ਧ ਨੀ S ਸਂ

ਜਾਤੀ : ਸੰਪੂਰਨ - ਸ਼ਾੜਵ
ਵਾਦੀ ਸੁਰ : ਸ਼ੜਜ (ਸ)
ਸੰਵਾਦੀ ਸੁਰ : ਪੰਚਮ (ਪ)
ਸਮਾਂ : ਅੱਧੀ ਰਾਤ
ਅਵਰੋਹ : ਸਂ ਨੁੀ ਪ, ਮ ਪ, ਗੁS ਗੁS ਮ ਰੇ ਸ

ਵਿਸ਼ੇਸ਼ ਸੁਰ ਸੰਗਤੀ : ਮਰੇ ਪ, ਮਗੁ S ਗੁ ਮ ਰੇ ਸ, ਨੁ਼ੀ ਨੁ਼ੀ S ਧ ਨ਼ੀ ਸ

## ਰਾਗ : ਮਲ੍ਹਾਰ

### ਸਥਾਈ - ਤਾਲ : ਤਿੰਨਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | ਪ | ਮਪ | ਧਨੀ | ਸਂ | ਨੁੀਪ | ਗੁ | ਮ | ਰੇ | ਸ |
| | | | | | | | ਤ | ਨਾS | SS | S | ਨਕ | ਵੈ | S | ਦੁ | ਸ |
| ਰੇ | - | ਸ | - | - | - | - | - | ਨੁੀ | ਧ਼ | ਸ | ਨ਼ੀ | ਰੇ | - | ਸ | ਸ |
| ਦਾ | S | ਇ | S | S | S | S | S | ਰੋ | S | ਗੁ | ਗ | ਵਾ | S | ਇ | ਹਿ |
| ਮ | - | - | ਰੇ | ਪ | - | - | - | ਗੁਂ | ਗੁਂ | ਗੁਂ | ਮਂ | ਰੇਂ | - | ਸਂ | ਸਂ |
| ਆ | S | S | ਪ | ਣਾ | S | S | S | ਤ | ਨਾ | ਨ | ਕ | ਵੈ | S | ਦੁ | ਸ |
| ਮਪ | ਧਨੀ | ਸਂਸਂ | ਨੁੀਪ | ਮਪ | ਗੁਮ | ਰੇਸ | | | | | | | | | |
| ਦਾS | SS | SS | SS | ਇS | SS | SS | | | | | | | | | |
| × | | | | 2 | | | | 0 | | | | 3 | | | |

### ਅੰਤਰਾ - ਤਾਲ : ਇੱਕਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | - | ਪ | ਨੁੀ | ਧ | ਨੀ | ਸਂ | - | ਨੀ | ਸਂਰੇਂ | ਸਂਨੀ | ਸਂ |
| ਵੈ | S | ਦਾ | ਵੈ | ਦੁ | ਸੁ | ਵੈ | S | ਦੁ | ਤੂS | SS | S |
| ਗੁਂ | ਗੁਂ | ਮਂ | ਰੇਂ | ਸਂ | ਸਂ | ਨੀ | ਧ | ਧ | ਨੀ | ਸਂ | ਸਂ |
| ਪਹਿ | ਲਾਂ | S | ਰੋ | ਗੁ | ਪ | ਛਾ | S | S | ਣ | S | S |
| × | | 0 | | 2 | | 0 | | 3 | | 4 | |

## ਤਾਲ : ਦੀਪਚੰਦੀ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| ਸਂ | – | ਸਂ | ਨ਼ੀ | ਧ | ਨ਼ੀ | ਪ | ਪ | ਮ | ਮ | ਨ਼ੀ | ਪ | ਮ | ਪ |
| ਐ | S | S | ਸਾ | S | S | S | ਦਾ | S | S | ਰੂ | S | S | S |
| ਗੁ | – | – | ਮ | – | ਰੇ | ਸ | ਰੇ | – | – | ਸ | – | ︶ | – |
| ਲੋ | S | S | ਝ਼ਿ | S | ਲ | S | ਹੁ | S | S | ਜਿ | S | ਤੁ | S |
| ਮ | ਰੇ | – | ਪ | ਮ | ਪ | – | ਨ਼ੀ | ਧ | – | ਨ਼ੀ | – | ਪ | – |
| ਵੰ | S | S | ਵੈ | S | S | S | ਰੋ | S | S | ਗਾ | S | S | S |
| ਮਪ | ਧਨੀ | ਸਂਸਂ | ਨ਼ੀਪ | ਮਪ | ਗੁਮ | ਰੇਸ | | | | | | | |
| ਘਾS | SS | SS | ਣਿS | SS | SS | SS | | | | | | | |
| × | | | 2 | | | | 0 | | | 3 | | | |

## ਤਾਲ : ਰੂਪਕ

| 1 | 2 | 3 | 4 | 5 | 6 | 7 |
|---|---|---|---|---|---|---|
| ਮ | ਰੇ | ਰੇ | ਪ | ਮ | ਪ | ਪ |
| ਜਿ | ਤੁ | ਦਾ | ਰੂ | S | ਰੋ | ਗ |
| ਮਪ | ਧਨੀ | ਸਂਨੀ | ਸਂਰੇਂ | ਸਂਨੀ | ਸਂ | ਸਂ |
| ਊS | SS | ਠਿS | ਆS | SS | ਹਿ | S |
| ਗੁਂ | ਗੁਂ | ਮਂ | ਰੇਂ | – | ਸਂ | – |
| ਤਨਿ | ਸੁ | ਖ | ਵ | S | ਸੈ | S |
| ਨ਼ੀ | ਧ | ਧ | ਸਂ | ਨੀ | ਸਂ | ਸਂ |
| ਆ | S | S | ਇ | S | S | S |
| ਸਂ | ਨ਼ੀ | ਧ | ਨ਼ੀ | ਪ | ਮ | ਪ |
| ਤਨਿ | ਸੁ | ਖ | ਵ | S | ਸੈ | S |
| 0 | | | 1 | | 2 | |

## ਤਾਲ : ਤਿੰਨਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਗੁ | – | – | ਮ | ਰੇ | ਸ | – | ਪ | ਮਪ | ਧਨੀ | ਸਂ | ਨ਼ੀਪ | ਗੁ | ਮ | ਰੇ | ਸ |
| ਆ | S | S | S | ਇ | S | S | ਤ | ਨਾS | SS | S | ਨਕ | ਵੈ | S | ਦੁ | ਸ |

ਮੋਦੀ ਕਾਲਜ, ਪਟਿਆਲਾ

ਅੰਗ ੧੨੭੯

ਮਃ ੨ ॥

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥

O physician, you are a competent physician, if you first diagnose the disease.

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥

Prescribe such a remedy, by which all sorts of illnesses may be cured.

ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥

Administer that medicine, which will cure the disease, and allow peace to come and dwell in the body.

ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥

Only when you are rid of your own disease, O Nanak, will you be known as a physician. ||2||


# POSITIVE THINKING

* Do something everyday regardless. Nothing will happen unless you first initiate a process cause and effect. This start with an action. Reawaken the possibility of possibility.
* Everything you want in life is waiting for you outside of your comfort Zone, but have faith it is very much inside of your effort zone.
* There is one very simple rule for success : Just try one more time in different way, before u decide to quit.
* Peace of mind is guranteed if we avoid three Cs. Criticising, Comparing and Complaining about others.
* Never  worry about the delay of your success compared to others. Because construction of a palace takes more time, than an ordinary building.
* A drop of tear is costlier than anything in world. But no one knows its value, untill they have it in their own eyes for someone.

With best compliments from a wellwisher

## ‘SHIROMANI RAGI’ AWARD BY SGPC TO Dr. GURNAM SINGH



Patiala: October 10 – Shiromani Gurudwara Parbhandhak Committee (SGPC) president Jathedar Avtar Singh, during a function at Amritsar yesterday, bestowed Dr. Gurnam Singh with the honour of ‘Shiromani Ragi’ with cash prize, memento and Robe-of-Honour. He is Professor and founder head of the Department of Gurmat Sangeet and Gurmat Sangeet Chair. A University teacher from three decades Dr. Singh has contributed to revive and represent the music tradition of Punjab as researcher & performer.

It is worth mentioning here that world renowned kirtankar and musicologist Dr. Gurnam Singh presented complete 31 main Raagas and 31 Raaga forms of Sri Guru Granth Sahib for the first time in his melodious voice and traditional musical style of Sikh music. This remarkable contribution in the world of music and Sikh history along with his research in the domain of music tradition of Punjab has been acknowledged as a movement in the field of music at global level.

Talking to the media persons president Jathedar Avtar Singh said that the services of Dr. Gurnam Singh are land mark in the field of Sikh Musichology. He established Gurmat Sangeet Chair, Department of Gurmat Sangeet, Gurmat Sangeet Bhawan, Sant Sucha Singh Archives of Music and Bhai Randhir Singh On-line Gurmat Sangeet Library. He said that his contributions were matchless.

He said that Dr. Gurnam Singh had made his contributions to introduce Gurmat Sangeet on academic level in the universities and he also taught it in foreign universities. Noteably, Dr. Gurnam Singh has penned 14 books, 74 research articles and edited 47 books. Recognising his achievements, Punjab Government had honoured him with ‘Shiromani Ragi’ Award for 2010. He had got conducted 13 Ph.Ds and 8 were still doing.

On this occasion Singh Sahib Giani Jaswinder Singh, head priest Shri Darbar Sahib Amritsar, Singh Sahib Giani Mal Singh, Singh Sahib Giani Man Singh, SGPC members Rajinder Singh Mehta, Gurinderpal Singh Gora, Bhai Manjit Singh, and many others were also present.

Postal Regd. No. G/CDH/0045/2009-10 RNI Regd. No. 46788/89 ISSN 0972-2335

ੴ

ਪ੍ਰਾਣੀ ਏਕੋ ਨਾਮੁ ਧਿਆਵਹੁ

**Praanee Eaeko Naam Dhiaavuhu**

ਗੁਰਬਾਣੀ ਕੀਰਤਨ

**ਡਾ. ਜਾਗੀਰ ਸਿੰਘ, ਚੰਡੀਗੜ੍ਹ**

Praanee Eaeko Naam Dhiaavuhu

Sathigur Aaeiou Suran Thuhaaree

Maadho Har Har Har Mukh Keheeai

Huno Balihaarai Jaao Saachae Thaerae Naam Vittuhu

Maerae Har Jeeo Subh Ko Thaerai Vas

- ਪ੍ਰਾਣੀ ਏਕੋ ਨਾਮੁ ਧਿਆਵਹੁ - ਸਤਿਗੁਰ ਆਇਓ ਸਰਣਿ ਤੁਹਾਰੀ
ਮਾਧਉ ਹਰਿ ਹਰਿ ਹਰਿ ਮੁਖਿ ਕਹੀਐ - ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਹ ਸੀ. ਡੀ. ਮੁਫਤ ਪ੍ਰਾਪਤ ਕਰਨ ਲਈ ਆਪਣਾ ਪਤਾ ਅਤੇ ਮੋਬਾਇਲ ਨੰਬਰ
ਐਸ. ਐੱਮ. ਐਸ., ਈ. ਮੇਲ ਜਾਂ ਡਾਕ ਰਾਹੀਂ ਭੇਜਣ ਦੀ ਖੇਚਲ ਕਰੋ ਜੀ।

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**